

# ਅੱਗ ਬੁਝਾਓ

ਡਾ. ਹਰਚਰਨ ਸਿੰਘ

ਅੱਗ ਬੁਝਾਓ
ਡਾ. ਹਰਚਰਨ ਸਿੰਘ

ਅੱਗ ਬੁਝਾਉ (ਇਕਾਂਗੀ ਸੰਗ੍ਰਹਿ) : ਹਰਚਰਨ ਸਿੰਘ

# ਅੱਗ ਬੁਝਾਉ

ਹਰਚਰਨ ਸਿੰਘ

ਸਿੰਘ ਬ੍ਰਦਰਜ਼

199[illegible]

AGG BUJHAO :
A collection of one-act plays by Dr. Harcharan Singh

ਪਹਿਲੀ ਵਾਰ 1990

ਪ੍ਰਕਾਸ਼ਕ :
ਸਿੰਘ ਬ੍ਰਦਰਜ਼,
ਮਾਈ ਸੇਵਾਂ, ਅੰਮ੍ਰਿਤਸਰ

ਪ੍ਰਿੰਟਰ :
ਲਾਇਟ ਪ੍ਰਿੰਟਰਜ਼,
ਬਜ਼ਾਰ ਬਾਬਾ ਭੋੜੀ ਵਾਲਾ,
ਅੰਮ੍ਰਿਤਸਰ

ਮੁੱਲ : 30-00

ਸਮਰਪਿਤ ਹੈ
ਉਨ੍ਹਾਂ ਅਣਗਿਣਤ ਨਿਰਦੋਸ਼ਾਂ ਦੇ
ਨਾਂ
ਜੋ ਜਨੂਨੀ ਫ਼ਿਰਕਾ-ਪ੍ਰਸਤੀ ਜਾਂ ਹੁੱਲੜਬਾਜ਼ੀ
ਦਾ ਸ਼ਿਕਾਰ ਹੋਏ ।

# ਤ ਤ ਕ ਰਾ


ਅੱਗ ਬੁਝਾਓ 9

ਤਾਰਾ ਚੜਿਆ ਲੰਮਾ 45


# ਪ੍ਰਵੇਸ਼ਿਕਾ

ਪੰਜਾਬ ਮੁੱਢ ਕਦੀਮ ਤੋਂ ਸੰਕਟ-ਗ੍ਰਸਤ ਰਿਹਾ ਹੈ ! ਇਸ ਅਦੁਤੀ ਉਪਜਾਊ ਧਰਤੀ ਦਾ ਧਨ ਤੇ ਸੁੰਦਰਤਾ ਹੀ ਇਸ ਦੇ ਵੈਰੀ ਬਣੇ ਰਹੇ ਹਨ। ਆਦਿ ਕਾਲ ਤੋਂ ਅਣਗਿਣਤ ਧਾੜਵੀਆਂ ਨੇ ਇਸ ਸੋਨ ਚਿੜੀ ਨੂੰ ਤਰੂੰਡਿਆ ਹੈ। ਇਸ ਭੂਮੀ ਦੀ ਸੁਭਾਗੀ ਕੁੱਖ ਨੇ ਹੀ ਭਾਰਤੀ ਸਭਿਅਤਾ ਨੂੰ ਜਨਮ ਦਿਤਾ। ਆਧੁਨਿਕ ਖੋਜੀਆਂ ਅਨੁਸਾਰ ਸੰਸਾਰ ਭਰ ਦੀ ਸਭਿਅਤਾ ਦਾ ਸੂਰਜ ਇਸੇ ਖਿੱਤੇ ਤੋਂ ਹੀ ਉਦੇ ਹੋਇਆ ਸੀ। ਅਨਆਰੀਆ ਲੋਕਾਂ ਨੇ ਸਿੰਧ ਘਾਟੀ ਦੀ ਇਸ ਧਰਤੀ ਨੂੰ ਸਭਿਅਤਾ ਅਤੇ ਸਭਿਆਚਾਰ ਦੀਆਂ ਸਿਖਰਾਂ ਤਕ ਪੁਚਾਇਆ। ਪਰ ਸਰੀਰਕ ਤੌਰ ਤੇ ਨਰੋਏ, ਰਿਸ਼ਟ-ਪੁਸ਼ਟ ਅਤੇ ਜੰਗਜੂ ਆਰੀਆ ਨੇ ਬਾਹਰੋਂ ਆ ਕੇ ਆਦਿ ਵਾਸੀਆਂ ਨੂੰ ਇਥੋਂ ਕਢ ਦਿਤਾ ਜਾਂ ਦਾਸ ਬਣਾ ਲਿਆ। ਅਗੋਂ ਵਾਸਤੇ ਉਹ ਇਸ ਧਰਤੀ ਦੇ ਰਖਵਾਲੇ ਤੇ ਪਹਿਰੇਦਾਰ ਬਣ ਬੈਠੇ। ਕੌਮੀ ਯੋਧੇ ਰਾਜਾ ਪੋਰਸ ਦੀ ਅਗਵਾਈ ਹੇਠ ਪੰਜਾਬੀਆਂ ਨੇ ਸੰਸਾਰ ਜੇਤੂ ਮਹਾਂ ਸਿਕੰਦਰ ਦੇ ਦੰਦ ਖੱਟੇ ਕੀਤੇ। ਉਸ ਪਿਛੋਂ ਇਥੇ ਅਣਗਿਣਤ ਆਕਰਮਣ ਹੋਏ। ਉੱਤਰ ਪੱਛਮ ਵਲੋਂ ਹਰ ਵਕਤ ਖਤਰੇ ਨੇ ਪੰਜਾਬੀਆਂ ਨੂੰ ਸੁਚੇਤ, ਨਿਡੱਰ, ਦਲੇਰ, ਮਿਹਨਤੀ, ਸਖਤ ਜਾਨ ਅਤੇ ਸਾਹਸ ਭਰਪੂਰ ਯੋਧੇ ਬਣਾ ਦਿੱਤਾ।

ਗੁਰੂ ਗੋਬਿੰਦ ਸਿੰਘ ਨੇ ਖੜਗਧਾਰੀ ਸਿੰਘਾਂ ਨੂੰ ਅਥਾਹ ਰੂਹਾਨੀ ਬਲ ਬਖਸ਼ਿਆ। ਉਹਨਾਂ ਨੇ ਉੱਤਰੀ ਪੱਛਮੀ ਸਰਹੱਦ ਨੂੰ ਸਦਾ ਲਈ ਸੁਰਖਿਅਤ ਕਰ ਦਿਤਾ। ਇਸ ਪੱਖੋਂ ਗੁਰੂ ਸਾਹਿਬਾਨ ਦੀ ਭਾਰਤ ਨੂੰ ਮਹਾਨ ਦੇਣ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸਦੀਆਂ ਪਿਛੋਂ ਪੰਜਾਬ ਵਿਚ ਨਿਰੋਲ ਪੰਜਾਬੀ ਅਤੇ ਸੰਗਠਿਤ ਕੌਮੀ ਰਾਜ ਸਥਾਪਤ ਕੀਤਾ। ਪਰ ਉਸ ਦੇ ਅੱਖਾਂ ਮੀਟਣ ਪਿਛੋਂ ਸਿੰਘਾਂ ਨੇ ਆਪੋ ਵਿਚ ਲੜ-ਭਿੜ ਕੇ ਰਾਜ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ।

ਦੇਸ ਦੀ ਸੁਤੰਤਰਤਾ ਲਈ ਮੁੜ ਸੰਗਰਾਮ ਸ਼ੁਰੂ ਹੋਇਆ। ਪੰਜਾਬੀਆਂ ਨੇ, ਖਾਸ ਕਰਕੇ ਸਿੱਖਾਂ ਨੇ, ਸਭ ਤੋਂ ਵਧ ਲਹੂ ਡੋਲ੍ਹਿਆ। ਭਾਰੀ ਕੁਰਬਾਨੀਆਂ ਤੇ ਸ਼ਹੀਦੀਆਂ ਦੇ ਫਲਸਰੂਪ 1947 ਵਿਚ ਹਿੰਦੁਸਤਾਨ ਆਜ਼ਾਦ ਹੋਇਆ। ਦੇਸ਼ ਦੀ ਵੰਡ ਸਮੇਂ ਕਾਂਗਰਸੀ ਨੇਤਾਵਾਂ ਨੇ ਸਿੱਖਾਂ ਨਾਲ ਕਈ ਵਾਅਦੇ ਕੀਤੇ ਸਨ, ਜੋ ਮਹਾਤਮਾ ਗਾਂਧੀ ਦੇ ਉੱਤਰ-

ਅਧਿਕਾਰੀਆਂ ਨੇ ਭੁਲਾ ਦਿਤੇ। ਅਣਖੀ ਸਿੰਘਾਂ ਨੇ ਆਪਣੇ ਹੱਕਾਂ ਲਈ ਜੱਦੋ-ਜਹਿਦ ਸ਼ੁਰੂ ਕੀਤੀ। ਸੱਤਾ ਨੇ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ। ਸੁਤੰਤਰ ਭਾਰਤ ਦੀ ਪਹਿਲੀ ਮਰਦਮ ਸ਼ੁਮਾਰੀ (1951) ਤੋਂ ਵਰਤਮਾਨ ਸੰਕਟ ਦਾ ਮੁੱਢ ਬੱਝਾ। ਪੰਜਾਬ ਦੀ ਲਗ ਪਗ ਅੱਧੀ ਵਸੋਂ ਨੇ ਪੰਜਾਬੀ ਮਾਂ ਬੋਲੀ ਮੰਨਣ ਤੋਂ ਇਨਕਾਰ ਕੀਤਾ।

ਕਈ ਸਾਲ ਇਹ ਅੱਗ ਸੁਲਗਦੀ ਰਹੀ। ਅਖੀਰ 1984 ਵਿਚ ਇਹ ਭਾਂਬੜ ਬਣ ਗਈ। ਉਸ ਦਾ ਸੰਤਾਪ ਅਜ ਹਰ ਪੰਜਾਬੀ ਭੁਗਤ ਰਿਹਾ ਹੈ। ਹੁਣ ਇਹ ਅੱਗ ਕਾਬੂ ਤੋਂ ਬਾਹਰ ਹੋਈ ਲਗਦੀ ਹੈ। ਇਸ ਪੁਸਤਕ ਦਾ ਪਹਿਲਾ ਨਾਟਕ 'ਅੱਗ ਬੁਝਾਓ' ਅਜੋਕੀ ਭਿਆਨਕ ਸਥਿਤੀ ਨੂੰ ਦਰਸਾ ਕੇ ਲੱਗੀ ਅੱਗ ਨੂੰ ਬੁਝਾਉਣ ਵਲ ਸੰਕੇਤ ਕਰਦਾ ਹੈ। ਪੰਜਾਬ ਅੰਦਰ ਇਕ ਦੰਦ-ਕਥਾ ਪ੍ਰਚਲਿਤ ਹੈ। ਕਈ ਇਸ ਨੂੰ ਗੁਰੂ ਨਾਨਕ ਦੇਵ ਨਾਲ ਵੀ ਜੋੜਦੇ ਹਨ। ਜਦੋਂ ਮੁਗਲਾਂ ਨੇ ਐਮਨਾਬਾਦ (ਕਈ ਲਾਹੌਰ ਕਹਿੰਦੇ ਹਨ) ਦੇ ਹੱਲੇ ਪਿਛੋਂ ਸ਼ਹਿਰ ਨੂੰ ਅਗਨ ਭੇਟ ਕਰ ਦਿਤਾ ਤਾਂ ਇਕ ਬਜ਼ੁਰਗ ਗੁਰਸਿਖ ਮਸ਼ਕ ਲੈ ਕੇ ਅੱਗ ਬੁਝਾ ਰਿਹਾ ਸੀ। ਕੁਝ ਲੋਕਾਂ ਨੇ ਉਸ ਨੂੰ ਪਾਗਲ ਸਮਝਿਆ। ਪੁੱਛਣ ਤੇ ਉਸ ਨੇ ਉੱਤਰ ਦਿਤਾ, "ਦੋ ਚਾਰ ਚੰਗਿਆੜੇ ਤਾਂ ਬੁਝਾਵਾਂਗਾ ਹੀ।" ਅਜ ਹਰ ਸਾਹਿਤਕਾਰ ਤੇ ਬੁੱਧੀਜੀਵੀ ਦਾ ਫਰਜ਼ ਹੈ ਕਿ ਉਹ ਇਸ ਅੱਗ ਨੂੰ ਬੁਝਾਣ ਲਈ ਯਥਾ ਯੋਗ ਹਿੱਸਾ ਪਾਵੇ।

ਦੂਜਾ ਇਕਾਂਗੀ "ਤਾਰਾ ਚੜਿਆ ਲੋਮਾ" ਕਈ ਦਫਾ ਰੰਗ-ਮੰਚ ਤੇ ਖੇਡਿਆ ਜਾ ਚੁਕਾ ਹੈ। ਦੰਗੇ ਫਸਾਦਾਂ ਵਿਚ, ਭਾਵੇਂ ਉਹ ਦਿੱਲੀ ਵਿਚ ਵਾਪਰਨ, ਭਾਵੇਂ ਭਾਗਲਪੁਰ ਜਾਂ ਭਿਵੰਡੀ ਵਿਚ ਹੋਣ, ਵਧੇਰੇ ਕਰਕੇ ਔਰਤ ਹੀ ਜ਼ੋਰ ਜ਼ੁਲਮ ਦਾ ਸ਼ਿਕਾਰ ਹੁੰਦੀ ਹੈ। ਇਸ ਇਕਾਂਗੀ ਵਿਚ ਪੰਜਾਬ ਦੀ ਵਰਤਮਾਨ ਤ੍ਰਾਸਦੀ ਦੇ ਸੰਦਰਭ ਵਿਚ ਦੋ ਵਿਧਵਾਵਾਂ ਦੀ ਦੁਖਭਰੀ ਦਾਸਤਾਨ ਪੇਸ਼ ਕੀਤੀ ਗਈ।

ਸਿੰਘ ਬ੍ਰਦਰਜ਼ ਦਾ ਧੰਨਵਾਦੀ ਹਾਂ, ਉਹਨਾਂ ਨੇ ਆਪਣੀ ਗੋਲਡਨ ਜੁਬਲੀ ਪ੍ਰਕਾਸ਼ਨ ਲੜੀ ਵਿਚ "ਅੱਗ ਬੁਝਾਓ" ਨੂੰ ਸ਼ਾਮਲ ਕੀਤਾ ਹੈ।

ਸ੍ਰੀਮਤੀ ਧਰਮ ਕੌਰ, ਹਰਬਖਸ਼ ਸਿੰਘ ਅਤੇ ਪਰਮਜੀਤ ਦਾ ਧੰਨਵਾਦ ਕਰਨਾ ਵੀ ਬਣਦਾ ਹੈ। ਛਪਾਈ ਲਈ ਭੇਜਣ ਤੋਂ ਪਹਿਲਾਂ ਉਹਨਾਂ ਰਲ ਕੇ ਸੁਣਿਆ, ਕੁਝ ਸੁਝਾਅ ਵੀ ਦਿੱਤੇ।

ਦਿੱਲੀ ਦੇ ਦੰਗਿਆਂ ਬਾਰੇ ਮੈਂ ਆਪਣਾ ਸੰਪੂਰਨ ਨਾਟਕ "ਅੰਬਰ ਕਾਲਾ" ਛੇਤੀ ਪਾਠਕਾਂ ਦੀ ਭੇਟ ਕਰਾਂਗਾ।

ਹਰਚਰਨ ਸਿੰਘ


1048/15 ਬੀ
ਚੰਡੀਗੜ੍ਹ—160015
ਫੋਨ : 43040




# ਅੱਗ ਬੁਝਾਓ



ਸਥਾਨ : ਦਿੱਲੀ ਦੀ ਇਕ ਬਸਤੀ

ਸਮਾਂ : 3 ਨਵੰਬਰ 1984

ਵਕਤ : ਬਾਅਦ ਦੁਪਹਿਰ

ਮੰਚ ਦ੍ਰਿਸ਼ : ਮਧ ਵਰਗ ਘਰ ਦਾ ਇਕ ਕਮਰਾ। ਮਕਾਨ ਦਾ ਮੂੰਹ ਮੱਥਾ ਵੱਡੀ ਸੜਕ ਨਾਲ ਲਗਦਾ ਹੈ। ਸੱਜੇ ਪਾਸੇ ਗਲੀ ਹੈ। ਗਲੀ ਵਲ ਵੀ ਇਕ ਬਾਰੀ ਤੇ ਬੂਹਾ ਹੈ। ਸੜਕ ਵਲ ਮੁਖ ਦਰਵਾਜ਼ੇ ਦੇ ਦੋਹੀਂ ਪਾਸੀਂ ਦੋ ਬਾਰੀਆਂ ਹਨ, ਜੋ ਬੰਦ ਹਨ।

ਪਰਦਾ ਉੱਠਣ ਤੋਂ ਪਹਿਲਾਂ ਬਾਹਰ ਸਖਤ ਸ਼ੋਰ ਸ਼ਰਾਬਾ ਸੁਣਾਈ ਦਿੰਦਾ ਹੈ। ਖਤਰਨਾਕ ਹਿੰਸਕ ਨਾਅਰਿਆਂ ਨਾਲ ਵਾਯੂ ਮੰਡਲ ਵੀ ਸਹਿਮਿਆ ਲਗਦਾ ਹੈ। ਇਉਂ ਜਾਪਦਾ ਹੈ ਕਿ ਬੇਕਾਬੂ ਹਜੂਮ ਮਾਰਧਾੜ ਕਰਨ ਤੇ ਤੁਲਿਆ ਹੋਇਆ ਹੈ।

ਪਰਦਾ ਉਠਦਾ ਹੈ। ਘਰ ਨੂੰ ਦੰਗਾਕਾਰੀਆਂ ਨੇ ਘੇਰਿਆ ਹੋਇਆ ਹੈ। ਹੈ। ਕੁਝ ਮਨਚਲੇ ਫਸਾਦੀ ਭਿਆਨਕ ਮਖੌਟੇ ਪਹਿਨੀ ਤਾਂਡਵ ਨਾਚ ਨਚ ਰਹੇ ਹਨ। ਦੰਗਾਕਾਰੀਆਂ ਦੇ ਹੱਥਾਂ ਵਿਚ ਭਾਂਤ ਭਾਂਤ ਦੇ ਹਥਿਆਰ ਹਨ : ਤ੍ਰਿਸ਼ੂਲ, ਲਾਠੀਆਂ, ਭਾਲੇ, ਨੰਗੀਆਂ ਤਲਵਾਰਾਂ, ਬਰਛੇ, ਛਵੀਆਂ, ਲੋਹੇ ਦੀਆਂ ਸੀਖਾਂ, ਗੰਡਾਸੇ ਆਦਿ। ਕੁਝ ਬੰਦਿਆਂ ਨੇ ਪੈਟਰੋਲ ਦੇ ਕੇਨ ਅਤੇ ਮਿੱਟੀ ਦੇ ਤੇਲ ਦੀਆਂ ਪੀਪੀਆਂ ਚੁੱਕੀਆਂ ਹੋਈਆਂ ਹਨ। ਦੋ ਤਿੰਨ ਦੇ ਹੱਥਾਂ ਵਿਚ ਜਗਦੀਆਂ ਮਸਾਲਾਂ ਹਨ।

ਘਰ ਅੰਦਰ ਦੋ ਟੱਬਰ ਘਿਰੇ ਹੋਏ ਹਨ। ਇਕ ਹਿੰਦੂ ਪਰਿਵਾਰ ਅਤੇ ਦੂਜਾ ਸਿੱਖ। ਅਸਲ ਵਿਚ ਦੋ ਟਬਰਾਂ ਦੇ ਮੁਖੀ ਸਕੇ ਭਰਾ ਹਨ। ਸੋਹਣ ਲਾਲ ਨੇ ਆਪਣੇ ਵੱਡੇ ਭਰਾ ਸੁੰਦਰ ਸਿੰਘ, ਭਰਜਾਈ ਸਤਵੰਤ ਕੋਰ ਅਤੇ ਕਾਕੇ ਸਨੀ ਨੂੰ ਪਨਾਹ ਦਿੱਤੀ ਹੋਈ ਹੈ। ਵੱਡੀ ਮਾਤਾ ਆਪਣੇ ਦੋਹਾਂ ਪੋਤਿਆਂ ਨੂੰ ਬੁੱਕਲ ਵਿਚ ਲੈ ਕੇ ਇਕ ਖੂੰਜੇ ਵਿਚ ਬੈਠੀ ਹੈ। ਬਚਿਆਂ ਦੀ ਉਮਰ 7 ਅਤੇ 9 ਸਾਲ ਹੈ। ਦਾਦੀ ਜਨਮ ਸਾਖੀਆਂ ਸੁਣਾ ਕੇ ਬਚਿਆਂ ਦੇ ਹੌਸਲੇ ਬੁਲੰਦ ਕਰ ਰਹੀ ਹੈ।

ਸੁੰਦਰ

ਸੋਹਣ, ਜ਼ਿੱਦ ਨਾ ਕਰ। ਸਭ ਦੀਆਂ ਜਾਨਾਂ ਨੂੰ ਖਤਰੇ 'ਚ ਨਾ ਪਾ। ਮੈਨੂੰ ਬਾਹਰ ਜਾ ਲੈਣ ਦੇਹ।

ਸੋਹਣ

ਵੱਡੇ ਭਾਈ, ਪਨਾਹ ਮੈਂ ਦਿੱਤੀ ਏ, ਸਭ ਕੁਝ ਜਾਣਦੇ ਹੋਏ ਵੀ। ਸਜਾ ਮੈਨੂੰ ਮਿਲਣੀ ਚਾਹੀਦੀ ਏ।

ਸੁੰਦਰ

ਗਲਤ ਹੈ! ਨੇਕੀ ਕਰਨ ਵਾਲਾ ਦੰਡ ਦਾ ਭਾਗੀ ਨਹੀਂ ਹੋ ਸਕਦਾ। ਤੂੰ ਆਪਣਾ ਫਰਜ਼ ਅਦਾ ਕਰ ਦਿੱਤਾ ਏ। ਬਹੁਤ ਵੱਡੀ ਗਲ ਐ।

ਸੋਹਣ

ਇਹ ਤਾਂ ਹੋ ਹੀ ਨਹੀਂ ਸਕਦਾ, ਮੈਂ ਆਪਣੀ ਜਾਨ ਬਚਾ ਕੇ ਪਿਉ ਸਮਾਨ ਵੱਡੇ ਭਰਾ ਨੂੰ ਮੌਤ ਦੇ ਮੂੰਹ 'ਚ ਜਾਣ ਦੇਵਾਂ।

ਸੁੰਦਰ

ਛੋਟੇ ਵੀਰ, ਮੈਂ ਤੇਰੇ ਅਹਿਸਾਸਾਂ ਨੂੰ ਸਮਝਦਾਂ, ਪਰ ਅਸੀਂ ਅਜੇਹੀ ਭਿਆਨਕ ਸਥਿਤੀ ਵਿਚ ਘਿਰੇ ਹੋਏ ਹਾਂ, ਮੇਰੇ ਬਾਹਰ ਨਿਕਲਣ ਤੋਂ ਸਿਵਾ ਕੋਈ ਚਾਰਾ ਨਹੀਂ।

ਸੋਹਣ

ਚਾਰਾ ਹੋ ਸਕਦੈ।

ਸੁੰਦਰ

ਤੂੰ ਕਿਉਂ ਨਹੀਂ ਇਸ ਨਾਜ਼ਕ ਸਥਿਤੀ ਨੂੰ ਸਮਝ ਰਿਹਾ।

ਸੋਹਣ

ਭਾਈ ਸਾਹਬ, ਮੈਂ ਤੇਰੇ ਨਾਲੋਂ ਵਧ ਸਮਝਦਾਂ।

ਸੁੰਦਰ

ਜੇ ਅਨੁਭਵ ਕਰਦਾ ਹੁੰਦਾ ਤਾਂ ਇੰਜ ਜ਼ਿੱਦ ਨਾ ਕਰਦਾ।

ਸੋਹਣ

ਜ਼ਿੱਦ ਦਾ ਜ਼ਾਹਰਾ ਕਾਰਣ ਏ। ਤੇਰਾ ਬਾਹਰ ਨਿਕਲਣਾ ਬੇਫਿਕਰ ਮੌਤ ਸਹੇੜਨਾ ਏ।

ਸੁੰਦਰ

ਜੇ ਮੈਂ ਨਹੀਂ ਨਿਕਲਦਾ, ਸਭ ਦੀਆਂ ਜਾਨਾਂ ਨੂੰ ਮਾਰੂ ਖਤਰਾ ਏ।

ਸੋਹਣ

ਜ਼ਰੂਰੀ ਨਹੀਂ। ਮੈਂ ਬਾਹਰ ਜਾ ਕੇ ਉਹਨਾਂ ਨੂੰ ਯਕੀਨ ਦਵਾ ਸਕਦਾਂ।

ਸੁੰਦਰ

ਜੇ ਫੇਰ ਵੀ ਉਹਨਾਂ ਦਾ ਸ਼ੰਕਾ ਦੂਰ ਨਾ ਹੋਇਆ, ਫੇਰ ਦੂਣ ਸਵਾਇਆ ਕਹਿਰ ਢਾਣਗੇ।



ਆਹ ਕੰਨ ਖੋਲ੍ਹ ਕੇ ਸੁਣ ਲੈ, ਖੌਫ਼ਨਾਕ ਨਾਹਰੇ।

ਸਤਵੰਤ

ਬਾਹਰ ਕਿੰਨਾ ਭੜਥੂ ਪਿਆ ਹੋਇਐ।

ਬਿਮਲਾ

ਹਾਏ! ਮੇਰਾ ਤਾਂ ਦਿਲ ਬਹਿੰਦਾ ਜਾਂਦੈ।

[ਬਾਹਰੋਂ ਭਿਆਨਕ ਨਾਹਰਿਆਂ ਦਾ ਸ਼ੋਰ ਸੁਣਾਈ ਦਿੰਦਾ ਹੈ:
ਖੂਨ ਕਾ ਬਦਲਾ
ਖੂਨ।
ਸਰਦਾਰ
ਮੁਲਕ ਕੇ ਗ਼ਦਾਰ।]

ਸੋਹਣ

ਮੈਨੂੰ ਯਕੀਨ ਹੈ ਕਿ ਮੈਂ ਦੰਗਾਕਾਰੀਆਂ ਦੀ ਜ਼ਮੀਰ ਨੂੰ ਟੁੰਬ ਸਕਦਾਂ। ਉਹਨਾਂ ਦੇ ਜਜ਼ਬੇ ਹੋਰ ਭੜਕਾ ਕੇ ਮਰੋੜਾ ਦੇ ਸਕਦਾਂ।

ਸੁੰਦਰ

ਛੋਟੇ ਭਾਈ, ਭੀੜ ਦੀ ਕੋਈ ਜ਼ਮੀਰ ਨਹੀਂ ਹੁੰਦੀ। ਫਸਾਦੀਆਂ ਦਾ ਕੋਈ ਗੁਰੂ ਪੀਰ ਨਹੀਂ ਹੁੰਦਾ। ਹਿੰਸਕ ਭੀੜ ਬੇ-ਮੁਹਾਣੀ ਮੂੰਹ ਜ਼ੋਰ ਹੁੰਦੀ ਏ, ਹਲਕੇ ਹੋਏ ਕੁੱਤੇ ਵਾਂਗ ਬੇਕਾਬੂ।

ਸੋਹਣ

ਮੈਂ ਇਹ ਵੀ ਸਮਝਦਾਂ, ਹੁਸ਼ਿਆਰੀ ਨਾਲ ਭੀੜ ਨੂੰ ਭੇਡਾਂ ਵਾਂਗ ਮਗਰ ਵੀ ਲਾਇਆ ਜਾ ਸਕਦਾ ਏ।

ਸੁੰਦਰ

ਜੇ ਪਿੱਛੇ ਲਾਣ ਵਾਲਾ ਕੋਈ ਦੈਵੀ ਪੁਰਸ਼ ਹੋਵੇ ਜਾਂ ਅਲੌਕਿਕ ਹਸਤੀ।

ਸੋਹਣ

ਕੀ ਇਕ ਅਸਧਾਰਣ ਵਕਤਾ ਭੀੜ ਦੇ ਭਾਵਾਂ ਨੂੰ ਰੁਖਾ ਨਹੀਂ ਸਕਦਾ?

ਸੁੰਦਰ

ਮੈਨੂੰ ਸ਼ੰਕਾ ਹੈ। ਮਹਾਂਬਲੀ ਸਿਕੰਦਰ ਵੀ ਫੇਲ੍ਹ ਹੋਇਆ ਸੀ।

ਸੋਹਣ

ਇਤਿਹਾਸ ਵਿਚ ਇਸ ਦੀਆਂ ਮਸਾਲਾਂ ਹਨ। ਮੈਨੂੰ ਆਪਣੀ ਭਾਸ਼ਨ ਕਲਾ ਤੇ ਪੂਰਾ ਵਿਸ਼ਵਾਸ ਏ। ਤੁਹਾਨੂੰ ਪਤਾ ਈ ਏ ਮੈਂ ਪੜ੍ਹਾਈ ਦੌਰਾਨ ਕਿੰਨੀਆਂ ਟਰਾਫੀਆਂ ਜਿੱਤੀਆਂ ਸਨ।

ਬਿਮਲਾ

ਜੀ, ਇਹ ਕਾਲਜ ਦੇ ਵਿਦਿਆਰਥੀ ਨਹੀਂ, ਜਨੂਨੀ ਫਸਾਦੀ ਨੇ। ਗੁੰਡੇ ਤੇ ਚੋਰ ਉਚੱਕੇ

ਨੇ। ਇਨ੍ਹਾਂ ਤੇ ਕੋਈ ਦਲੀਲ ਕਾਟ ਨਹੀਂ ਕਰ ਸਕਦੀ।

ਸੋਹਣ

(ਘੂਰਦਾ ਹੋਇਆ) ਕੀ ਇਹ ਗਲ ਮੈਂ ਨਹੀਂ ਸਮਝਦਾ।

ਸੁੰਦਰ

ਬਿਮਲਾ ਨੇ ਨਿਹਾਇਤ ਸਿਆਣੀ ਗਲ ਕਹੀ ਏ। ਇਨ੍ਹਾਂ ਮੁਸ਼ਟੰਡਿਆਂ ਦੇ ਮੂੰਹਾਂ ਨੂੰ ਲਹੂ ਲੱਗਾ ਹੋਇਆ ਏ। ਮੇਰੀ ਜਾਨ ਲਏ ਬਿਨਾ ਖੂਨਖਾਰ ਭੇੜੀਏ ਟਲ ਨਹੀਂ ਸਕਦੇ।

ਸਤਵੰਤ

ਇਹ ਵੀ ਸੰਭਵ ਏ, ਸੋਹਣ ਲੋਕਾਂ ਨੂੰ ਮਗਰ ਲਾਣ ਵਿਚ ਸਫਲ ਹੋ ਜਾਵੇ। ਮੈਨੂੰ ਲਗਦਾ ਏ, ਫਸਾਦੀ ਹਿੰਦੂ ਭਰਾ ਦੀ ਜ਼ਰੂਰ ਗਲ ਸੁਣਨਗੇ।

ਸੁੰਦਰ

ਸਤਵੰਤ, ਇਹ ਤੇਰੀ ਮਨ ਇੱਛਤ ਦਲੀਲ ਏ। ਇਹੋ ਜਿਹਾ ਖ਼ਤਰਨਾਕ ਤਜਰਬਾ ਕਰਨ ਦਾ ਕੋਈ ਫਾਇਦਾ ਨਹੀਂ ਹੋਵੇਗਾ।

ਸੋਹਣ

ਫਾਇਦਾ ਕਿਉਂ ਨਹੀਂ। ਪੰਜਾਹ ਫੀ ਸਦੀ ਤਾਂ ਪੱਕੀ ਆਸ ਹੈ, ਪਰ ਤੇਰਾ ਬਾਹਰ ਨਿਕਲਣਾ ਤਾਂ ਸੌ ਫੀ ਸਦੀ ਮੌਤ ਕਬੂਲਣਾ ਏ।

ਬਿਮਲਾ

ਜੇ ਉਹ ਜ਼ਿਆਦਾ ਭੜਕ ਪਏ, ਹੋਰ ਵੀ ਸਖਤ ਕਾਰਵਾਈ ਕਰਨਗੇ। ਸਭ ਨੂੰ ਮਾਰਨਗੇ, ਘਰ ਨੂੰ ਫੂਕ ਦੇਣਗੇ।

ਸੋਹਣ

ਚੁਪ ਰਹਿ, ਖੁਦਗਰਜ ਨਾ ਬਣ।

ਸੁੰਦਰ

ਬਿਮਲਾ ਦਾ ਕਿਆਸ ਠੀਕ ਏ। ਹਰਖੇ ਹੋਏ ਮੁੰਡੇ ਸਭ ਨੂੰ ਇੱਕੋ ਰੱਸੇ ਫਾਹੇ ਦੇਣਗੇ।

ਮਾਤਾ

ਪੁੱਤ, ਭੈੜੀ ਭਾਖਿਆ ਨਾ ਕੱਢ ਮੂੰਹੋਂ। ਪਰਮਾਤਮਾ ਦਾ ਨਾਮ ਲਵੋ। ਅਰਜੋਈ ਕਰੋ, ਉਹ ਜਰੂਰ ਬਹੁੜੇਗਾ।

ਸੁੰਦਰ

ਮਾਂ, ਧਾੜਵੀਆਂ ਦਾ ਕੋਈ ਧਰਮ ਨਹੀਂ ਹੁੰਦਾ। ਉਹ ਕਿਸੇ ਇਸ਼ਟ ਨੂੰ ਨਹੀਂ ਮੰਨਦੇ। ਉਹਨਾਂ ਨੂੰ ਰਬ ਦਾ ਕੋਈ ਡਰ ਭਉ ਨਹੀਂ। ਉਹ ਕਈ ਧਰਮ ਸਥਾਨ ਸਾੜ ਫੂਕ ਚੁੱਕੇ ਨੇ।

ਮਾਤਾ

ਪੁੱਤਾ, ਤੂੰ ਭੁਲਦੈਂ, ਉਹ ਜ਼ਰੂਰ ਭਗਤਾਂ ਦੀ ਰਖਿਆ ਕਰਦੈ, ਥੰਮਾਂ 'ਚੋਂ ਬਹੁੜਦੈ।



ਸੋਹਣ

ਮਾਂ, ਕੀ ਭੋਲੀਆ ਗੱਲਾਂ ਕਰਦੀ ਏਂ। ਮਿਥਿਹਾਸਕ ਗੱਲਾਂ ਦੁਹਰਾਉਂਦੀ ਏਂ। ਸੈਂਕੜੇ ਸਾਲ ਜ਼ਾਲਮ ਧਾੜਵੀ ਇਸ ਸੋਨੇ ਦੀ ਚਿੜੀ ਨੂੰ ਤਰੁੰਡਦੇ ਰਹੇ। ਸਾਡੀਆਂ ਮਾਵਾਂ ਭੈਣਾਂ ਦੀ ਪਤ ਲੁਟਦੇ ਰਹੇ। ਬੱਚੇ ਕੁਰਲਾਂਦੇ ਰਹੇ, ਕਿਸੇ ਦੇਵਤੇ ਨੇ ਲੋਕਾਂ ਦੀ ਪੁਕਾਰ ਨਾ ਸੁਣੀ।

ਮਾਤਾ

ਪੁੱਤਾ, ਨਾਸਤਕਾਂ ਵਾਲੀਆਂ ਗੱਲਾਂ ਨਾ ਕਰ। ਕੀ ਭਗਤ ਪਰਲਾਦ ਨੂੰ ਥੰਮਾਂ ਚੋਂ ਨਹੀਂ ਸੀ ਬਹੁੜਿਆ?

ਸੋਹਣ

ਫੇਰ ਉਹੋ ਗਲ। ਮਾਂ, ਗਜ਼ਨਵੀ ਦੇ ਹਲਿਆਂ ਸਮੇਂ ਪੁਜਾਰੀ ਲਖ ਪਰਾਥਣਾ ਕਰਦੇ ਰਹੇ, ਮੱਥੇ ਰਗੜਦੇ ਰਹੇ। ਹਮਲਾ-ਆਵਰ ਬੇਖਟਕੇ ਮੰਦਰ ਲੁਟਦੇ ਰਹੇ, ਮੂਰਤੀਆਂ ਤੋੜਦੇ ਰਹੇ, ਕਲਸ ਬੁਰਜ ਤਬਾਹ ਕਰ ਕੇ ਸੋਨਾ ਹਥਿਆਉਂਦੇ ਰਹੇ, ਪਰ ਕਿਸੇ ਰੱਬੀ ਸ਼ਕਤੀ ਨੇ ਠੱਲ੍ਹ ਨਾ ਪਾਈ।

ਸੁੰਦਰ

ਮਾਂ, ਸੋਹਣ ਦੀ ਗਲ ਠੀਕ ਐ। ਇਨ੍ਹਾਂ ਜਾਬਰਾਂ ਨੂੰ ਸ਼ਹਿ ਮਿਲੀ ਹੋਈ ਏ। ਬਦਲੇ ਦੀ ਭਾਵਨਾ ਤਾਂ ਫੋਕੀ ਬਹਾਨਾ ਬਣੀ ਐ। ਅਸਲ ਵਿਚ ਇਹ ਬੇਦੀਨ ਲੁਟਮਾਰ ਤੇ ਖੂਨ ਖਰਾਬਾ ਕਰਨ ਤੇ ਤੁਲੇ ਹੋਏ ਨੇ।

ਸੋਹਣ

ਮਾਂ, ਲੁੱਚਿਆਂ ਲਫੰਗਿਆਂ ਨੂੰ ਰਬ ਦੇ ਭਉ ਨਾਲੋਂ ਪੁਲਸ ਦਾ ਡੰਡਾ ਵਧੇਰੇ ਡਰਾਉਂਦਾ ਏ।

ਸੁੰਦਰ

ਉਪਰੋਂ ਸ਼ਹਿ ਪ੍ਰਤਖ ਏ, ਵਰਨਾ ਕਦੇ ਹੋ ਸਕਦੈ, ਸ਼ਹਿਰ ਵਿਚ ਤਿੰਨ ਦਿਨਾਂ ਤੋਂ ਨਾਦਰ ਸ਼ਾਹੀ ਮਾਰਧਾੜ ਹੋ ਰਹੀ ਹੋਵੇ, ਸ਼ਾਸਕਾਂ ਸਿਰ ਜੂੰ ਨਾ ਸਰਕੇ।

ਮਾਤਾ

ਰਬ ਦਾ ਕਹਿਰ ਪਏ ਇਨ੍ਹਾਂ ਹੈਂਸਿਆਰਿਆ ਤੇ।

ਸਤਵੰਤ

ਮਾਤਾ ਜੀ, ਤੁਸੀਂ ਬਚਿਆਂ ਨੂੰ ਸੰਭਾਲੋ, ਗੱਲਾਂ ਸੁਣ ਸੁਣ ਕੇ ਡਰਦੇ ਨੇ।

ਮਾਤਾ

ਹੋਰ ਐਨੇ ਮਕਾਨ ਨੇ, ਫਾਹੇ ਜਾਣਿਆਂ ਸਾਡੇ ਘਰ ਨੂੰ ਹੀ ਘੇਰਨਾ ਸੀ।

ਸੁੰਦਰ

ਮਲੂਮ ਹੁੰਦਾ ਤੇਰੇ ਕਿਸੇ ਗੁਆਂਢੀ ਨੇ ਦੰਗਾਕਾਰੀਆਂ ਨੂੰ ਭੇਤ ਦਿੱਤੈ।

ਸੋਹਣ

ਸਾਡੇ ਗੁਆਂਢ 'ਚ ਸਭ ਪੰਜਾਬੀ ਰਹਿੰਦੇ ਨੇ। ਭੈਣ ਭਰਾਵਾਂ ਵਾਲਾ ਵਰਤ ਵਰਤਾਰਾ ਏ। ਕਈ ਹਿੰਦੂ ਸਿਖ ਕਰੀਬੀ ਰਿਸ਼ਤੇਦਾਰ ਨੇ।

ਬਿਮਲਾ

ਭਾਵੇਂ ਤੁਸੀਂ ਬਥੇਰੀ ਚੌਕਸੀ ਵਰਤੀ ਸੀ, ਫੇਰ ਵੀ ਲਗਦੈ, ਕਿਸੇ ਨਾ ਕਿਸੇ ਨੇ ਇਨ੍ਹਾਂ ਨੂੰ ਘਰ ਵੜਦਿਆਂ ਤਾੜਿਆ ਹੋਵੇਗਾ।

ਸਤਵੰਤ

ਤੁਹਾਡੇ ਕਿਸੇ ਗੁਆਂਢੀ ਦੀ ਬੇਈਮਾਨੀ ਲਗਦੀ ਏ।

ਸੋਹਣ

ਸਾਡਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ।

ਸਤਵੰਤ

ਨੇਕ ਨਾਮੀ ਖਟਣ ਲਈ ਜੇਹੇ ਮੌਕੇ ਕਈ ਭਲੇ ਬੰਦੇ ਵੀ ਅਨਭੋਲ ਭੇਦ ਦੇ ਬੈਠਦੇ ਨੇ।

ਸੁੰਦਰ

ਸਤਵੰਤ, ਇਹ ਹਰਗਿਜ਼ ਹਿੰਦੂ-ਸਿਖ ਫਸਾਦ ਨਹੀਂ, ਨਾ ਹੀ ਇਹ ਨਿਰੀ ਕਤਲ ਦੇ ਬਦਲੇ ਦੀ ਭੜਕਾਹਟ ਏ। ਮੈਨੂੰ ਤਾਂ ਦੰਗਾਕਾਰੀ ਪੇਟ ਤੇ ਕਾਮ ਭੁੱਖੇ ਹੈਵਾਨ ਲਗਦੇ ਐ।

ਸੋਹਣ

ਵੱਡੇ ਭਾਈ ਦੀ ਗਲ ਬਿਲਕੁਲ ਸਚ ਏ, ਪਿਛਲੇ ਦੋ ਦਿਨਾਂ 'ਚ ਕਈ ਥਾਵਾਂ ਤੇ ਹਿੰਦੂਆਂ ਨੇ ਜਾਨਾਂ ਖਤਰੇ 'ਚ ਪਾ ਕੇ ਸਿਖ ਭਰਾਵਾਂ ਨੂੰ ਬਚਾਇਐ।

ਸੁੰਦਰ

ਇਹ ਵੀ ਜ਼ਾਹਰ ਹੋ ਚੁੱਕੈ, ਬਹੁਤੇ ਹੰਗਾਮਾਕਾਰੀ ਖਰੀਦੇ ਹੋਏ ਗੁੰਡੇ ਲੁਟੇਰੇ ਨੇ।

ਸੋਹਣ

ਬਿਲਕੁਲ ਦਰੁਸਤ ਏ। ਦੋ ਕਾਤਲਾਂ ਪਿੱਛੇ ਸਾਰੀ ਕੌਮ ਕਿੱਦਾਂ ਜ਼ੁਲਮ ਦਾ ਸਿਕਾਰ ਹੋ ਸਕਦੀ ਏ। ਜ਼ਰੂਰ ਕੋਈ ਡੂੰਘੀ ਸਾਜ਼ਿਸ਼ ਏ।

ਸੁੰਦਰ

ਕੋਈ ਮਨ ਸਕਦੈ, ਦੇਸ ਦੀ ਆਨ ਸ਼ਾਨ ਦੇ ਰਾਖੇ ਰਾਤੋ ਰਾਤ ਘਾਤਕ ਦੇਸ ਧ੍ਰੋਹੀ ਬਣ ਗਏ।

ਸੋਹਣ

ਕਤਲ ਪਿਛੋਂ ਜਾਣ ਬੁਝ ਕੇ ਝੂਠੀਆਂ ਅਫਵਾਹਾਂ ਫੈਲਾਈਆਂ ਗਈਆਂ ਸਨ।

ਸੁੰਦਰ

ਇਹ ਵੀ ਮੁਮਕਿਨ ਏ, ਕੁਝ ਬੇਸਮਝਾਂ ਨੇ ਖ਼ਬਰ ਸੁਣ ਕੇ ਭੰਗੜੇ ਪਾਏ ਹੋਣ।



ਸੋਹਣ

ਇਸ ਤਰ੍ਹਾਂ ਤਾਂ ਵਿਰੋਧੀ ਪਾਰਟੀ ਦੇ ਕੁਝ ਬੰਦਿਆਂ ਨੇ ਵੀ ਖੁਸ਼ੀਆਂ ਮਨਾਈਆਂ ਦਸੀਆਂ ਜਾਂਦੀਆਂ ਨੇ।

ਸੁੰਦਰ

ਸੋਹਣ, ਇਨਸਾਨੀ ਫ਼ਿਤਰਤ ਅਜੀਬੋ ਗਰੀਬ ਏ। ਗੁੰਡੇ ਬਦਮਾਸ਼, ਹਰ ਵਕਤ ਗੜਬੜ ਦੀ ਸਥਿਤੀ ਦੀ ਤਾਕ 'ਚ ਰਹਿੰਦੇ ਨੇ। ਜਰਾਇਮ ਪੇਸ਼ਾ ਲੋਕਾਂ ਨੂੰ ਤਾਂ ਇਹ ਮੌਕਾ ਰੱਬੋਂ ਥਿਆਇਆ ਏ।

ਬਿਮਲਾ

ਮੈਨੂੰ ਲਗਦੈ, ਇਹ ਬ੍ਰਿਜ ਲਾਲ ਦੀ ਕਾਰਸਤਾਨੀ ਏ। ਤੁਸੀਂ ਉਸ ਦਿਨ ਉਹਨੂੰ ਝਾੜ ਜੋ ਪਾਈ ਸੀ।

ਸੋਹਣ

ਜ਼ਰਾ ਠੰਡ ਪੈ ਲੈਣ ਦੇਹ, ਮੈਂ ਉਹਦੀ ਚੰਗੀ ਤਰ੍ਹਾਂ ਖਬਰ ਲਵਾਂਗਾ।

ਸੁੰਦਰ

ਖ਼ਬਰ ਤਾਂ ਹੀ ਲਵੇਂਗਾ ਜੇ ਇਸ ਘੱਲੂਘਾਰੇ ਚੋਂ ਬਚਾਂਗੇ।

ਸੋਹਣ

ਜ਼ਰੂਰ ਬਚਾਂਗੇ।

ਮਾਤਾ

ਤੁਸੀਂ ਬੱਚਿਆਂ ਨੂੰ ਸਾਂਭੋ, ਪਹਿਲਾਂ ਮੈਨੂੰ ਬਾਹਰ ਜਾ ਲੈਣ ਦਿਉ।

ਸੁੰਦਰ

ਮਾਂ, ਤੂੰ ਇਸ ਨਾਜ਼ਕ ਸਥਿਤੀ ਨੂੰ ਨਹੀਂ ਸਮਝ ਰਹੀ।

ਮਾਤਾ

ਪੁੱਤੋ, ਜੇ ਮੇਰੇ ਜੀਂਦੇ ਜੀ ਥੁਹਾਨੂੰ ਕੋਈ ਹਰਜ ਮਰਜ ਹੋ ਗਿਆ, ਮੇਰੇ ਜੀਣ ਦਾ ਕੋਈ ਹੱਜ ਨਹੀਂ ਰਹਿੰਦਾ।

ਸੁੰਦਰ

ਮਾਂ, ਤੂੰ ਸਨੀ ਨੂੰ ਸੰਭਾਲੀਂ, ਮੇਰੇ ਤੇ ਸਤਵੰਤ ਦੇ ਬਚਣ ਦੀ ਕੋਈ ਸੂਰਤ ਨਹੀਂ ਦਿਸਦੀ।

ਮਾਤਾ

ਹਾਇ, ਇਹ ਗੱਲ ਨਾ ਕੱਢ ਮੂੰਹੋਂ। ਮਾਂ ਜਾਨ ਦੇ ਸਕਦੀ ਏ, ਜੁਆਨ ਪੁੱਤ ਦੀ ਮੌਤ ਨਹੀਂ ਸਹਾਰ ਸਕਦੀ।

ਸੁੰਦਰ

ਮਾਂ, ਤੂੰ ਪੋਤਿਆਂ ਦਾ ਫਿਕਰ ਕਰ। ਜੇ ਬੱਚੇ ਬਚ ਗਏ ਤਾਂ ਖਾਨਦਾਨ ਦਾ ਬੂਟਾ ਲੱਗਾ ਰਹਿ ਸਕਦੈ।

ਮਾਤਾ

ਪੁੱਤਰੋ, ਮੇਰੀ ਗਲ ਮੰਨੋ, ਮੈਨੂੰ ਬਾਹਰ ਜਾ ਕੇ ਪਿਟ ਸਿਆਪਾ ਕਰ ਲੈਣ ਦਿਉ।

ਸੁੰਦਰ

ਮਾਂ, ਇਸ ਸ਼ੋਰ ਸ਼ਰਾਬੇ ਵਿਚ ਤੇਰੀ ਕੌਣ ਸੁਣੇਗਾ, ਬਾਹਰ ਮੌਤ ਦਾ ਨੰਗਾ ਨਾਚ ਹੋ ਰਿਹੈ।

ਮਾਤਾ

ਮੇਰੇ ਪੁੱਤਾਂ ਨੂੰ ਕੋਈ ਹਥ ਲਾ ਕੇ ਤਾਂ ਵੇਖੇ। ਜਾਨ ਦੇ ਦਿਆਂਗੀ, ਲਾਲਾਂ ਨੂੰ ਅਜਾ ਨਹੀਂ ਲਗਣ ਦਿਆਂਗੀ।

ਸੁੰਦਰ

ਮਾਂ, ਤੂੰ ਕਿੱਥੇ ਭੁੱਲੀ ਫਿਰਦੀ ਏਂ। ਸੈਂਕੜੇ ਹਜ਼ਾਰਾਂ ਮਾਵਾਂ ਦੇ ਪੁੱਤ ਬਲੀ ਦੇ ਬਕਰੇ ਬਣ ਚੁੱਕੇ ਨੇ।

ਮਾਤਾ

ਹੋਸ਼ਿਆਰੋ ਬੁੱਢੀ ਮਾਂ ਦੀ ਕਿਉਂ ਨਾ ਸੁਣਨਗੇ। ਮੈਂ ਚੀਕ ਚੀਕ ਕੇ ਆਖਾਂਗੀ, ਅਸੀਂ ਤੁਹਾਡੇ ਹਿੰਦੂ ਭਰਾ ਆਂ, ਸਾਡੇ ਘਰ 'ਚ ਕੋਈ ਸਿਖ ਟਬਰ ਨਹੀਂ ਲੁਕਿਆ ਹੋਇਆ।

ਸੋਹਣ

ਮਾਂ, ਕਿਉਂ ਕਲਪਦੀ ਏਂ, ਚੁਪ ਕਰ ਕੇ ਬਹਿ ਜਾ। ਜੰਗਲ 'ਚ ਅੱਗ ਭੜਕੀ ਹੋਈ ਹੋਵੇ ਤਾਂ ਮਿੰਨਤਾਂ ਤਰਲਿਆਂ ਨਾਲ ਨਹੀਂ ਬੁਝਦੀ। ਭਾਰੀ ਓੜ੍ਹ-ਪੋੜ੍ਹ ਕਰਨਾ ਪੈਂਦਾ ਏ।

ਸੁੰਦਰ

ਹਾਲਾਤ, ਐਨੇ ਬੇਕਾਬੂ ਹੋ ਚੁੱਕੇ ਨੇ, ਸਵਾਏ ਫੌਜ ਦੇ ਕੋਈ ਠੱਲ੍ਹ ਨਹੀਂ ਪਾ ਸਕਦਾ।

ਮਾਤਾ

ਫੇਰ ਸਿਰ ਸੜੇ ਫੌਜ ਕਿਉਂ ਨਹੀਂ ਭੇਜਦੇ।

ਸੁੰਦਰ

ਮਾਂ, ਫੇਰ ਸਿੱਖਾਂ ਨੂੰ ਸਬਕ ਕਿਵੇਂ ਮਿਲੇਗਾ। ਉਹਨਾਂ ਦੀ ਧੌਣ ਦਾ ਕਿੱਲਾ ਕਿੱਦਾਂ ਨਿਕਲੇਗਾ।

ਮਾਤਾ

ਕਿਉਂ ਤੁਸੀਂ ਭਾਰਤ ਮਾਂ ਦੇ ਜਾਏ ਨਹੀਂ, ਉਹ ਤਾਂ ਸਭ ਦੀ ਸਾਂਝੀ ਐ।

ਸੋਹਣ

ਮਾਂ, ਤੂੰ ਸਿਆਸੀ ਚਾਲਾਂ ਨੂੰ ਨਹੀਂ ਸਮਝਦੀ। ਕੋਈ ਵੀ ਹਕੂਮਤ ਸ੍ਵੈਮਾਣ ਵਾਲੇ ਅਣਖੀ ਬੰਦੇ ਨੂੰ ਬਰਦਾਸ਼ਤ ਨਹੀਂ ਕਰਦੀ।

ਸੁੰਦਰ

ਸੋਹਣ, ਉਹਨਾਂ ਨੇ ਸਾਨੂੰ ਚੰਦ ਮਿੰਟਾਂ ਦੀ ਮੋਹਲਤ ਦਿੱਤੀ ਸੀ। ਵਕਤ ਅਜਾਈਂ ਨਾ ਗੁਆ, ਛਡ ਜ਼ਿੱਦ, ਮੈਨੂੰ ਬਾਹਰ ਜਾਣ ਦੇਹ।



ਸੋਹਣ

ਲਗਦੈ, ਸਾਡੇ ਨੇਕ ਬਖਤ ਗੁਆਂਢੀਆਂ ਨੇ ਜ਼ਰੂਰ ਠਲ੍ਹ ਪਾਈ ਹੋਈ ਏ। ਵਰਨਾ ਭੀੜ ਹੁਣ ਤਕ ਭੜਕ ਚੁੱਕੀ ਹੁੰਦੀ।

ਸੁੰਦਰ

ਮੁਮਕਿਨ ਏ, ਭਲੇ ਬੰਦਿਆਂ ਨੇ ਹਿੰਦੂ ਘਰ ਨੂੰ ਅੱਗ ਲਾਣ ਤੋਂ ਰੋਕਿਆ ਹੋਵੇ।

ਸਤਵੰਤ

ਮੈਂ ਨਹੀਂ ਮੰਨਦੀ, ਅਜੇਹੇ ਸਮੇਂ ਭਲੇ ਬੰਦੇ ਵੀ ਬੇਵਸ ਖੜੇ ਵੇਖਦੇ ਰਹਿੰਦੇ ਨੇ।

ਸੁੰਦਰ

ਜ਼ੁਲਮ ਹੁੰਦਾ ਦੇਖ ਕੇ ਚੁਪ ਚਾਪ ਖੜੇ ਰਹਿਣ ਵਾਲੇ ਵੀ ਜ਼ਾਲਮਾਂ ਜਿੰਨੇ ਦੋਸ਼ੀ ਹੁੰਦੇ ਨੇ।

ਸੋਹਣ

ਪਰ ਮੈਂ ਉਨ੍ਹਾਂ 'ਚ ਸ਼ਾਮਲ ਹੋਣਾ ਨਹੀਂ ਚਾਹੁੰਦਾ। ਮੈਂ ਜੀਂਦੇ ਜੀ ਵੱਡੇ ਵੀਰ ਤੇ ਜ਼ੁਲਮ ਨਹੀਂ ਬਰਦਾਸ਼ਤ ਕਰ ਸਕਦਾ।

ਸੁੰਦਰ

ਸੋਹਣ, ਤੂੰ ਕਿਉਂ ਨਹੀਂ ਸਮਝ ਰਿਹਾ। ਸਚ ਜਾਣ, ਮੇਰੇ ਲਹੂ ਦੀ ਆਹੂਤੀ ਲਏ ਬਿਨਾ ਇਹ ਅੱਗ ਨਹੀਂ ਬੁਝਣੀ। ਤੂੰ ਮਚਦੇ ਭਾਂਬੜ ਉੱਤੇ ਪਾਣੀ ਦੀ ਥਾਂ ਤੇਲ ਪਾਣਾ ਚਾਹੁੰਦੈਂ।

ਸਤਵੰਤ

ਕਿਉਂ ਨਾ ਆਪਾਂ 'ਕੱਠੇ ਨਿਕਲੀਏ। ਤੁਹਾਥੋਂ ਬਿਨਾਂ ਮੇਰਾ ਕੀ ਹਾਲ ਹੋਵੇਗਾ, ਨਾ ਜੀਂਦਿਆਂ 'ਚ ਨਾ ਮੋਇਆਂ 'ਚ।

ਸੁੰਦਰ

ਸਤਵੰਤ, ਘੋਰ ਹਕੀਕਤ ਦਾ ਸਾਹਮਣਾ ਕਰਨ ਲਈ ਮਨ ਪੱਕਾ ਕਰ। ਸਤੀ ਦੇ ਆਸਰੇ ਦਿਨ ਕਟੀ ਕਰ ਲਈਂ ਜਾਂ ਫੇਰ ਦੂਜਾ ਵਿਆਹ—

ਸਤਵੰਤ

(ਮੂੰਹ ਤੇ ਹੱਥ ਰਖ ਕੇ) ਕਿਉਂ ਚੰਦਰੇ ਬੋਲ ਮੂੰਹੋਂ ਕਢਦੇ ਓ।

ਬਿਮਲਾ

ਭਾਵੇਂ ਤੁਹਾਨੂੰ ਗੁੱਸਾ ਲੱਗੇ, ਪਰ ਦਿਲ ਦੀ ਗਲ ਕਹਿਣੋਂ ਮੈਂ ਰੁਕ ਨਹੀਂ ਸਕਦੀ।

ਸੋਹਣ

ਕੀ ਕਹਿਣਾ ਚਾਹੁੰਦੀ ਏਂ, ਬੋਲ ?

ਬਿਮਲਾ

ਭਾਈ ਸਾਹਿਬ ਦੇ ਬਾਹਰ ਜਾਣ ਤੇ ਜੇ ਪਰਿਵਾਰ ਦੀ ਜਾਨ ਬਚ ਸਕਦੀ ਏ ਤਾਂ—

ਸੋਹਣ

(ਟੁਟ ਕੇ ਪੈਂਦਾ ਹੋਇਆ) ਆਪਣੀ ਅਕਲ ਆਪਣੇ ਪਾਸ ਰਖ। ਖ਼ੁਦਗਰਜ਼ ਨਾ ਬਣ। ਮਾਸ ਨੂੰ ਨੌਹਾਂ ਨਾਲੋਂ ਨਾ ਉਚੇੜ।

ਸੁੰਦਰ

ਸੋਹਣ, ਵਧੀਕੀ ਨਾ ਕਰ, ਬਿਮਲਾ ਨੇ ਕੋਈ ਮਾੜੀ ਗਲ ਨਹੀਂ ਆਖੀ। ਔਰਤਾਂ ਦੇ ਮੂੰਹੋਂ ਕਈ ਵਾਰ ਸਹਿਜ ਸੁਭਾਅ ਸੱਚੀ ਗੱਲ ਨਿਕਲਦੀ ਏ। ਉਹ ਅੰਤਹਕਰਣ ਦੀ ਸਹੀ ਆਵਾਜ਼ ਹੁੰਦੀ ਏ।

ਸੋਹਣ

ਲਗਦੈ ਦੰਗਾਕਾਰੀ ਖਿਸਕ ਗਏ ਨੇ। ਰੌਲਾ ਗੌਲਾ ਇਕ ਦਮ ਬੰਦ ਹੋ ਗਿਐ।

ਮਾਤਾ

ਸ਼ੁਕਰ ਐ ਪਰਮਾਤਮਾ ਦਾ, ਲਖ ਲਖ ਵਾਰ ਸ਼ੁਕਰ ਐ। ਮੈਂ ਕਲ੍ਹ ਸ਼ਿਵ ਮੰਦਰ ਪ੍ਰਸ਼ਾਦ ਚੜ੍ਹਾਵਾਂਗੀ। ਦੇਖਿਆ ਪੁੱਤੋ, ਤੁਸੀਂ ਨਾਸਤਕਾਂ ਵਾਲੀਆਂ ਗੱਲਾਂ ਕਰਦੇ ਸੀ।

ਸੁੰਦਰ

ਮਾਂ, ਖੌਰੇ ਪੁਲੀਸ ਜਾਂ ਮਿਲਟਰੀ ਦੀ ਟੁਕੜੀ ਆ ਗਈ ਹੋਵੇ, ਘੜੀ ਪਲ ਲਈ।

ਮਾਤਾ

(ਬਿਮਲਾ ਨੂੰ) ਧੀਏ, ਦੇਖੀਂ ਝੀਤ ਥਾਣੀਂ, ਕੀ ਗਲ ਐ।

[ਬਿਮਲਾ ਦਰਵਾਜ਼ੇ ਦੀ ਝੀਤ ਥਾਣੀਂ ਬਾਹਰ ਵਲ ਦੇਖਦੀ ਹੈ।]

ਸਤਵੰਤ

ਹਾਏ, ਮੈਂ ਮਰ ਜਾਂ। ਬਿਮਲਾ ਨੂੰ ਕੀ ਹੋਇਐ।

ਮਾਤਾ

ਹੈਂ! ਬੇਸੁਰਤ ਹੋ ਗਈ, ਛੇਤੀ ਪਾਣੀ ਲਿਆਓ।

ਸੁੰਦਰ

ਜ਼ਰੂਰ ਬਾਹਰ ਕੋਈ ਮਾੜੀ ਝਾਕੀ ਦੇਖੀ ਏ।

ਸੋਹਣ

ਇੱਦਾਂ ਈ ਕਰਦੀ ਏ। ਬਹੁਤ ਕਮਜ਼ੋਰ ਦਿਲ ਏ।

ਸੁੰਦਰ

ਕੋਮਲ ਅਹਿਸਾਸਾਂ ਵਾਲੀ ਆਖ। ਜ਼ਰੂਰ ਕੋਈ ਬਾਹਰ ਭਿਆਨਕ ਘਟਨਾ ਵਾਪਰੀ ਏ।

[ਮਾਂ ਬਿਮਲਾ ਦਾ ਸਿਰ ਗੋਦੀ ਵਿਚ ਲੈਂਦੀ ਹੈ। ਸਤਵੰਤ ਸੋਹਣ ਨੂੰ ਪਾਣੀ ਲਿਆ ਕੇ ਦਿੰਦੀ ਹੈ। ਬੱਚੇ ਵੀ ਕੋਲ ਆ ਜਾਂਦੇ ਹਨ।]

ਸਤਵੰਤ

(ਬਾਹਰ ਝਾਤੀ ਮਾਰ ਕੇ) ਹਾਏ ਮੈਨੂੰ!...ਐਨਾ ਡਰਾਉਣਾ ਦ੍ਰਿਸ਼ ਤਾਂ ਮੈਂ ਵੀ ਨਹੀਂ ਦੇਖ ਸਕਦੀ।

ਸੁੰਦਰ

ਕੀ ਹੋ ਰਿਹੈ ਬਾਹਰ?



ਸਤਵੰਤ

ਦੱਸਣ ਸੁਣਨ ਤੋਂ ਬਾਹਰੀ ਗਲ।

ਸੋਹਣ

ਭਰਜਾਈ, ਹਟ ਮੈਨੂੰ ਦੇਖਣ ਦੇ।

ਸੁੰਦਰ

ਕੀ ਗਲ ਐ?

ਸੋਹਣ

ਉਨ੍ਹਾਂ ਟੈਕਸੀ ਸਟੈਂਡ ਨੂੰ ਘੇਰਿਆ ਹੋਇਐ। ਦੋ ਡਰਾਈਵਰਾਂ ਦੀ ਮਾਰ ਕੁਟਾਈ ਕਰ ਰਹੇ ਨੇ।

ਸੁੰਦਰ

ਫੇਰ ਤਾਂ ਸਖਤ ਨਾਜ਼ਕ ਸਥਿਤੀ ਏ।

ਸੋਹਣ

ਇਕ ਦੇ ਸਿਰ ਲੋਹੇ ਦੀ ਸੀਖ ਮਾਰ ਮਾਰ ਕੇ ਭੁੰਜੇ ਸੁਟ ਲਿਐ। ਦੂਜੇ ਦੇ ਗਲ ਟਾਇਰ ਪਾ ਦਿੱਤਾ ਏ।

ਸੁੰਦਰ

ਇਹ ਇਨਸਾਨ ਨੇ ਕਿ ਖੂੰਖਾਰ ਵਹਿਸ਼ੀ ਦਰਿੰਦੇ।

ਸੋਹਣ

ਓਹੋ! ਜਲਾਦਾਂ ਨੇ ਪਹਿਲੇ ਉਤੇ ਪਟਰੋਲ ਛਿੜਕ ਕੇ ਤੀਲੀ ਲਾ ਦਿੱਤੀ ਏ। ਦੂਜੇ ਦੇ ਟਾਇਰ ਨੂੰ ਅੱਗ ਲਾ ਦਿੱਤੀ ਏ।

ਸੁੰਦਰ

ਇਹ ਤਾਂ ਇਨਸਾਨੀ ਗਿਰਾਵਟ ਦੀ ਹੱਦ ਏ।

ਸੋਹਣ

ਉਹ ਤੜਫ਼ ਤੜਫ਼ ਕੇ ਮਰ ਰਹੇ ਨੇ। ਭੀੜ ਖਿੱਲੀ ਮਚਾ ਰਹੀ ਏ। ਭੰਗੜਾ ਪਾ ਰਹੀ ਏ।

ਸਤਵੰਤ

ਇਹ ਤਾਂ ਜ਼ੁਲਮ ਦੀ ਇੰਤਹਾ ਏ।

ਸੋਹਣ

ਐਨਾ ਕਹਿਰ ਤਾਂ ਨਾਦਰ ਸ਼ਾਹ ਨੇ ਵੀ ਨਹੀਂ ਢਾਹਿਆ ਹੋਣਾ।

ਸੁੰਦਰ

ਮੇਰੇ ਖਿਆਲ 'ਚ ਹੀਰੋਸ਼ੀਮਾ ਤੋਂ ਬਾਅਦ ਮਨੁਖ ਦੇ ਮਨੁਖ ਉਤੇ ਜ਼ੁਲਮ ਦਾ ਇਹ ਸਭ ਤੋਂ ਭਿਆਨਕ ਸਾਕਾ ਏ।

ਸੋਹਣ

ਰਾਖਸ਼ਾਂ ਦੀਆਂ ਬਾਤਾਂ ਕੰਨੀ ਸੁਣਦੇ ਹੁੰਦੇ ਸਾਂ, ਅਜ ਸਭ ਕੁਝ ਅੱਖੀਂ ਵੇਖ ਲਿਐ।

ਸੁੰਦਰ

ਇਸ ਦਰਦਨਾਕ ਘਟਨਾ ਤੋਂ ਸਬਕ ਸਿੱਖੋ। ਡੰਗਰਾਂ ਨਾਲ ਸਖਤੀ ਨਾਲ ਸਿੱਝਣਾ ਪਵੇਗਾ, ਬਿਨਾਂ ਡਰ ਭਉ ਤੋਂ।

ਸਤਵੰਤ

ਤੁਸੀਂ ਤਾਂ ਏਦਾਂ ਗੱਲਾਂ ਕਰਦੇ ਓ, ਜਿੱਦਾਂ ਤੁਸੀਂ ਕੱਲਿਆਂ ਨੇ ਗੁੰਡਿਆਂ ਦਾ ਮੁਕਾਬਲਾ ਕਰ ਲੈਣਾ ਹੁੰਦਾ ਏ।

ਸੁੰਦਰ

ਹੁਣ ਜੋ ਤੁਸੀਂ ਮਰਜ਼ੀ ਕਹੋ, ਮੈਂ ਆਪਣਾ ਮਨ ਬਣਾ ਲਿਆ ਏ, ਚੰਡੀ ਨੂੰ ਧਿਆ ਲਿਆ ਏ।

ਸਤਵੰਤ

ਕੀ ਮਤਲਬ ?

ਸੁੰਦਰ

ਮਿੰਨਤਾਂ ਖੁਸ਼ਾਮਦਾਂ ਨਾਲ ਇਨ੍ਹਾਂ ਨੇ ਸਾਨੂੰ ਨਹੀਂ ਬਖਸ਼ਣਾ। ਸਵਾ ਲੱਖੀ ਬਣਨਾ ਪਵੇਗਾ। ਦੋ ਹਥ ਦਿਖਾ ਕੇ ਹੀ ਸ਼ਹੀਦ ਹੋਵਾਂਗਾ।

ਸੋਹਣ

ਫੇਰ ਕਿਉਂ ਨਾ ਆਪਾਂ 'ਕੱਠੇ ਬਾਹਰ ਨਿਕਲੀਏ।

ਸੁੰਦਰ

ਮੁੜ ਘਿੜ ਉਹੋ ਰਟ। ਕੀ ਫ਼ਾਇਦਾ ਹੋਵੇਗਾ ?

ਸੋਹਣ

ਦੋਵੇਂ ਰਲ ਕੇ ਲੜਾਂਗੇ, ਉਨ੍ਹਾਂ ਦੀ ਜ਼ਮੀਰ ਨੂੰ ਝਟਕਾ ਲੱਗੇਗਾ।

ਸੁੰਦਰ

ਹੁੱਲੜਬਾਜ਼ਾਂ 'ਤੇ ਕੋਈ ਅਸਰ ਨਹੀਂ ਪੈਣ ਲੱਗਾ।

ਸੋਹਣ

ਫੇਰ ਮੇਰੀ ਗਲ ਮੰਨ ਲਓ, ਪਹਿਲਾਂ ਮੈਨੂੰ ਜਾਣ ਲੈਣ ਦਿਓ।

ਸੁੰਦਰ

ਬਿਲਕੁਲ ਨਹੀਂ, ਮੇਰੀ ਜਾਨ ਲਏ ਬਿਨਾਂ ਉਨ੍ਹਾਂ ਹਰਗਿਜ਼ ਪਰਵਾਰ ਦੀ ਖਲਾਸੀ ਨਹੀਂ ਕਰਨੀ।

ਸੋਹਣ

ਵੱਡੇ ਭਾਈ, ਸਚ ਜਾਣ, ਮੇਰਾ ਮਨ ਨਹੀਂ ਮੰਨ ਰਿਹਾ। ਤੈਨੂੰ ਦੇਖਦੇ ਸਾਰ ਉਨ੍ਹਾਂ ਕਹਿਰਵਾਨ ਹੋ ਜਾਣੈ।

ਸੁੰਦਰ

ਪਹਿਲਾਂ ਮੈਂ ਉਨ੍ਹਾਂ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕਰਾਂਗਾ।



ਸੋਹਣ

ਕੌਣ ਸੁਣੇਗਾ, ਉਹਨਾਂ ਦੇਖਦੇ ਸਾਰ ਭੜਕ ਪੈਣਾ ਏ।

ਸੁੰਦਰ

ਹੋ ਸਕਦੈ, ਮੈਂ ਭੀੜ ਨੂੰ ਭਜਾ ਦਿਆਂ। ਦੋਂਹ ਚੌਂਹ ਨੂੰ ਤਾਂ ਖਿਲੇ ਲਾ ਦਿਆਂਗਾ। ਹੋ ਸਕਦੈ, ਬਾਕੀ ਡਰ ਕੇ ਨਸ ਜਾਣ।

ਸੋਹਣ

ਆਮ ਹਾਲਤ ਵਿਚ ਤਾਂ ਇਹ ਸਥਿਤੀ ਪੈਦਾ ਹੋ ਸਕਦੀ ਏ, ਜਾਨ ਸਭ ਨੂੰ ਪਿਆਰੀ ਹੁੰਦੀ ਏ। ਮਰਨ ਲਈ ਕੋਈ ਤਿਆਰ ਨਹੀਂ ਹੁੰਦਾ।

ਸੁੰਦਰ

ਜੇ ਆਪਾਂ ਕੋਲ ਅਜ ਬੰਦੂਕ ਹੁੰਦੀ, ਫੇਰ ਮੋਰਚਾ ਫਤਹ ਸੀ। ਕਿਸੇ ਨੇ ਲਾਗੇ ਫਟਕਣਾ ਨਹੀਂ ਸੀ।

ਮਾਤਾ

ਪੁੱਤੋ, ਕਿਉਂ ਅਨਹੋਣੀਆਂ ਗੱਲਾ ਕਰਦੇ ਓ। ਚੁਪ ਕਰ ਕੇ ਪਰਮਾਤਮਾ ਦਾ ਨਾਮ ਲਵੋ, ਆਪੇ ਰੌਲਾ ਗੋਲਾ ਪਾ ਕੇ ਚਲੇ ਜਾਣਗੇ।

ਸੁੰਦਰ

ਮਾਂ, ਕਬੂਤਰ ਵਾਂਗ ਅੱਖਾਂ ਬੰਦ ਕਰ ਕੇ ਬਲਾ ਨਹੀਂ ਟਲਣੀ।

ਬਿਮਲਾ

ਜੀ, ਇਕ ਮੇਰੀ ਗਲ ਮੰਨੋਂ।

ਸੋਹਣ

ਕੋਈ ਚੰਗੀ ਗਲ ਕਹੀਂ। ਹੁਣ ਬੋਲ ਵੀ।

ਬਿਮਲਾ

ਕਿਉਂ ਨਾ ਭਰਾ ਜੀ ਤੇ ਭਰਜਾਈ ਨੂੰ ਪਿਛਲੇ ਰਸਤੇ ਥਾਣੀਂ ਬਾਹਰ ਕਢ ਦੇਈਏ।

ਸੋਹਣ

ਹੈ ਕੋਈ ਸੂਰਤ ?

ਬਿਮਲਾ

ਕਿਉਂ ਨਹੀਂ। ਇੰਦਰ ਦੇਈ ਮੇਰੀ ਪੱਕੀ ਸਹੇਲੀ ਏ। ਭਾਵ ਨਹੀਂ ਕੱਢਣ ਲੱਗੀ।

ਸੋਹਣ

ਇਹ ਤਰਕੀਬ ਤੈਨੂੰ ਪਹਿਲੋਂ ਕਿਉਂ ਨਾ ਸੁੱਝੀ।

ਬਿਮਲਾ

ਤੁਹਾਥੋਂ ਡਰਦੀ ਰਹੀ ਆਂ।

ਸੋਹਣ

ਡੁਬਦੇ ਨੂੰ ਤਿਣਕੇ ਦਾ ਸਹਾਰਾ, ਜਾਹ ਜਾ ਕੇ ਵੇਖ, ਪਿਛਲੇ ਪਾਸੇ ਕੋਈ ਖਤਰਾ ਤਾਂ ਨਹੀਂ।

[ਬਿਮਲਾ ਛੇਤੀ ਛੇਤੀ ਜਾਂਦੀ ਹੈ।

ਸੁੰਦਰ

ਉਹ ਐਨੇ ਅਨਾੜੀ ਨਹੀਂ, ਸ਼ੈਤਾਨੀ ਦਿਮਾਗ ਰਖਦੇ ਨੇ, ਜ਼ਰੂਰੀ ਚੋਹੀਂ ਪਾਸੀਂ ਬੰਦੇ ਖੜੇ ਕੀਤੇ ਹੋਣਗੇ।

ਸੋਹਣ

ਚਲੋ ਉਹਦੀ ਤਸੱਲੀ ਤਾਂ ਹੋ ਜਾਊ।

ਸੁੰਦਰ

ਸਾਨੂੰ ਓਨੀ ਦੇਰ ਹਥੋਂ ਤੇ ਹਥ ਧਰ ਕੇ ਨਹੀਂ ਬੈਠਣਾ ਚਾਹੀਦਾ।

ਮਾਤਾ

ਪਰਮਾਤਮਾ ਕਰੇ, ਮੋਇਆਂ ਨੂੰ ਬੇਦੋਸ਼ਿਆਂ ਦੀ ਆਹ ਲਗ ਜਾਵੇ। ਫਾਹੇ ਜਾਣੇ ਸੁੱਤੇ ਸੌਂ ਜਾਣ।

ਸੁੰਦਰ

ਮਾਂ, ਸਭ ਝੂਠੀਆਂ ਤਸੱਲੀਆਂ ਨੇ। ਫਸਾਦੀਆਂ ਨੂੰ ਕੋਈ ਪੁੱਛਣ ਵਾਲਾ ਨਹੀਂ।

ਮਾਤਾ

ਨਾਲੇ ਕਹਿੰਦੇ ਐ ਕਰਫੂ ਲੱਗਾ ਹੋਇਐ।

ਸੁੰਦਰ

ਸਿਰਫ ਸਾਡੇ ਲਈ ਲੱਗੈ, ਬੁਰਛਿਆਂ ਲਈ ਨਹੀਂ।

ਮਾਤਾ

ਹੋਰ ਕਿੰਨਾ ਚਿਰ ਇਹ ਕਹਿਰ ਮੱਚਿਆ ਰਹੂ?

ਸੁੰਦਰ

ਜਿੰਨੀ ਦੇਰ ਪ੍ਰਧਾਨ ਮੰਤਰੀ ਦੀ ਦੇਹ ਅਗਨੀ ਭੇਟ ਨਹੀਂ ਹੋ ਜਾਂਦੀ।

ਮਾਤਾ

ਉਹ ਕਦੋਂ ਹੋਵੇਗੀ?

ਸੁੰਦਰ

ਅਜ ਹੋ ਜਾਵੇਗੀ, ਖੌਰੇ ਹੋ ਹੀ ਗਈ ਹੋਵੇ। ਉਸ ਪਿਛੋਂ ਹੀ ਸ਼ਾਸਕ ਸ਼ਰਮੋ ਸ਼ਰਮੀ ਇੱਧਰ ਧਿਆਨ ਦੇਣਗੇ।

ਮਾਤਾ

ਉਦੋਂ ਤਕ ਤਾਂ ਏਹ ਹਲਕਾਏ ਕੁੱਤੇ ਕਹਿਰ ਮਚਾ ਦੇਣਗੇ।

ਸੁੰਦਰ

ਸ਼ਾਮ ਤਕ ਸੈਂਕੜੇ ਹੋਰ ਸ਼ਹੀਦ ਹੋ ਜਾਣਗੇ।

ਮਾਤਾ

ਖੌਰੇ ਪਰਮਾਤਮਾ ਹੀ ਉਨ੍ਹਾਂ ਦੇ ਮਨ ਮਿਹਰ ਪਾ ਦੇਵੇ।



ਸੁੰਦਰ

ਮਾਂ, ਛਡ ਪਰੇ ਝੂਠੀਆਂ ਆਸਾਂ। ਤੂੰ ਬਚਿਆਂ ਨੂੰ ਸੰਭਾਲ।

ਮਾਤਾ

ਮੇਰੇ ਨੰਨੇ ਮੁੰਨੇ ਆ ਜਾਣ ਮੇਰੀ ਗੋਦੀ 'ਚ। ਆਓ, ਬੁਹਾਨੂੰ ਸੋਹਣੀ ਜਹੀ ਬਾਤ ਸੁਣਾਵਾਂ।

ਸੁੰਦਰ

ਸੋਹਣ, ਤੂੰ ਕਿਨ੍ਹਾਂ ਸੋਚਾਂ 'ਚ ਡੁੱਬ ਗਿਆ ਏਂ?

ਸੋਹਣ

ਮੈਂ ਸੋਚਦਾਂ, ਕਿਉਂ ਨਾ ਬਿਮਲਾ ਨੂੰ ਇੰਦਰ ਦੇਈ ਦੇ ਘਰ ਭੇਜ ਕੇ ਡੀ. ਸੀ. ਨੂੰ ਫੋਨ ਕਰਵਾਈਏ।

ਸੁੰਦਰ

ਉ ਹੂੰ! ਕੋਈ ਫਾਇਦਾ ਨਹੀਂ ਹੋਵੇਗਾ।

ਸੋਹਣ

ਕਿਉਂ ਨਹੀਂ ਹੋਵੇਗਾ?

ਸੁੰਦਰ

ਕਲ ਸਾਡੇ ਇਕ ਗੁਆਂਢੀ ਨੇ ਰਾਸ਼ਟਰਪਤੀ ਨੂੰ ਫੋਨ ਕੀਤਾ ਸੀ।

ਸੋਹਣ

ਫੇਰ ਕੀ ਜਵਾਬ ਮਿਲਿਆ?

ਸੁੰਦਰ

ਪੀ.ਏ. ਨੇ ਘੜਿਆ ਘੜਾਇਆ ਜਵਾਬ ਦਿੱਤਾ।

ਸੋਹਣ

ਉਹ ਕੀ?

ਸੁੰਦਰ

ਕਿਹਾ, ਕਿਸੇ ਹਿੰਦੂ ਹਮਸਾਏ ਘਰ ਪਨਾਹ ਲੈ ਲਵੋ। ਉਹ ਕੋਈ ਮਦਦ ਨਹੀਂ ਕਰ ਸਕਦੇ।

ਸੋਹਣ

ਹਦ ਹੋ ਗਈ! ਜੇ ਰਾਸ਼ਟਰਪਤੀ ਐਨਾ ਬੇਵਸ ਏ, ਫੇਰ ਤਾਂ ਭਾਰੀ ਚਿੰਤਾ ਵਾਲੀ ਗਲ ਏ। ਡੂੰਘੀ ਸਾਜ਼ਿਸ਼ ਲਗਦੀ ਏ।

ਸੁੰਦਰ

ਮੈਂ ਤੈਨੂੰ ਪਹਿਲੋਂ ਦਸ ਚੁੱਕਾਂ।

ਸੋਹਣ

(ਬਿਮਲਾ ਨੂੰ ਦੇਖ ਕੇ) ਕਿਉਂ, ਹੈ ਕੋਈ ਨਿਕਲਣ ਦਾ ਰਸਤਾ?

ਬਿਮਲਾ

ਪਿਛਲੇ ਪਾਸੇ ਕੰਧ ਨਾਲ ਕੰਨ ਲਾਈ ਚਾਰ ਬੁਰਛੇ ਖੜੇ ਨੇ।

ਸੋਹਣ

ਤੂੰ ਅੱਖੀਂ ਵੇਖੇ ਨੇ ?

ਬਿਮਲਾ

ਹਾਂ।

ਸੋਹਣ

ਫੇਰ ਤਾਂ ਬਚਾ ਦੇ ਸਾਰੇ ਰਸਤੇ ਬੰਦ ਨੇ।

ਸੁੰਦਰ

ਹੁਣ ਤਾਂ ਇਕੋ ਰਾਹ ਬਾਕੀ ਰਹਿ ਗਿਐ।

ਸੋਹਣ

ਉਹ ਕਿਹੜਾ ?

ਸੁੰਦਰ

ਮੌਤ ਨੂੰ ਖਿੜੇ ਮੱਥੇ ਕਬੂਲ ਕਰਨ ਦਾ। ਸਿਰ ਨੂੰ ਤਲੀ ਤੇ ਧਰ ਕੇ ਦੋ ਹਥ ਦਖਾਣ ਦਾ।

ਮਾਤਾ

ਪੁੱਤੋ, ਕਿਉਂ ਮਰਨ-ਮਾਰਨ ਦੀਆਂ ਚੰਦਰੀਆਂ ਗੱਲਾਂ ਕਰੀ ਜਾਂਦੇ ਓ।

ਸੁੰਦਰ

ਮਾਂ, ਸੁਣ ਲੈ ਕੰਨ ਖੋਲ੍ਹ ਕੇ। ਜਿਹੜੀ ਕੌਮ ਅਣਖ ਨਾਲ ਮਰ ਮਿਟਣਾ ਨਹੀਂ ਜਾਣਦੀ, ਉਹਦਾ ਕਦੇ ਇਤਿਹਾਸ ਨਹੀਂ ਹੁੰਦਾ। ਹੁਣ ਮੌਤ ਦਾ ਡਰ ਲਾਹ ਦਿਓ ਮਨੋਂ।

ਮਾਤਾ

ਦੇਖੋ ਤਾਂ ਸਹੀ ਖੌਰੇ ਦੁਸ਼ਟ ਕਿਸੇ ਪਾਸੇ ਨੂੰ ਖਿਸਕ ਗਏ ਹੋਣ।

ਸਤਵੰਤ

ਮਾਂ, ਮੈਂ ਵੇਖਦੀ ਆਂ।

ਸੋਹਣ

ਚਲੇ ਗਏ ਕਿ ਖੜੇ ਨੇ ?

ਸਤਵੰਤ

ਹਾਏ ਮੈਨੂੰ ! ਉਹ ਤਾਂ ਹਲਕਾਏ ਕੁਤਿਆਂ ਵਾਂਗ ਝਗ ਵਗਾਉਂਦੇ ਮੁੜੇ ਆਉਂਦੇ ਨੇ।

ਮਾਤਾ

ਕਹਿਰ ਪਏ ਜ਼ਾਲਮਾਂ ਤੇ ਰੱਬ ਦਾ। ਖੜੇ ਖੜੋਤੇ ਸੁਸਰੀ ਵਾਂਗ ਸੌਂ ਜਾਣ।

ਸੁੰਦਰ

ਮਾਂ, ਤੇਰੀਆਂ ਬਦ-ਦੁਆਵਾਂ ਨਾਲ ਉਨ੍ਹਾਂ ਦਾ ਕੁਝ ਨਹੀਂ ਵਿਗੜਨਾ।

ਮਾਤਾ

ਇੱਦਾਂ ਨਾ ਕਹੁ ਪੁੱਤਾ। ਗਰੀਬ ਮਸਕੀਨਾਂ ਦੀ ਆਹ ਬੁਰੀ ਹੁੰਦੀ ਏ। ਮੋਏ ਬਕਰੇ ਦੀ ਖਲ ਨਾਲ ਲੋਹਾ ਵੀ ਭਸਮ ਹੋ ਜਾਂਦੈ।



ਸੋਹਣ

ਮਾਂ, ਇਨ੍ਹਾਂ ਮੁੰਡਿਆਂ ਦੇ ਮਨ ਲੋਹੇ ਨਾਲੋਂ ਵੀ ਸਖਤ ਨੇ।

ਸੁੰਦਰ

ਹੁਣ ਰੋਲਾ ਗੋਲਾ ਛੱਡੋ। ਮੈਨੂੰ ਬਾਹਰ ਜਾਣ ਲਈ ਤਿਆਰ ਕਰੋ।

ਮਾਤਾ

ਵੇ ਪੁੱਤਾ, ਤੂੰ ਤਾਂ ਐਉਂ ਗੱਲਾਂ ਕਰਦੈਂ ਜਿੱਦਾਂ ਘੋੜੀ ਚੜ੍ਹਨਾ ਹੁੰਦੈ।

ਸੁੰਦਰ

ਮਾਂ, ਮਰਨਾ ਤਾਂ ਇਕੋ ਵਾਰੀ ਏ, ਫੇਰ ਕਿਉਂ ਨਾ ਬੰਦਾ ਸ਼ੇਰ ਦੀ ਮੌਤ ਮਰੇ। ਮੈਂ ਤੇਰੇ ਦੁੱਧ ਦੀ ਕਸਮ ਖਾਂਦਾਂ, ਮੈਂ ਗਿੱਦੀਆਂ ਦੀ ਮੌਤ ਨਹੀਂ ਮਰਾਂਗਾ, ਪੰਜਾਂ ਸੱਤਾਂ ਨੂੰ ਲੈ ਕੇ ਮਰਾਂਗਾ।

ਬਿਮਲਾ

ਭਾਈ ਸਾਹਬ, ਸਚਮੁਚ ਤੁਹਾਡੇ ਚਿਹਰੇ ਤੇ ਡਰ ਭਉ ਦਾ ਭੋਰਾ ਨਸ਼ਾਨ ਨਹੀਂ।

ਸੁੰਦਰ

ਬਿਮਲਾ, ਮੇਰੇ ਅੰਦਰ ਚਮਕੌਰ ਦੀ ਗੜ੍ਹੀ ਵਿਚ ਘਿਰੇ ਹੋਏ ਸਿੰਘਾਂ ਦੀ ਰੂਹ ਆ ਗਈ ਏ। ਗੁਰਾਂ ਦਾ ਸਵਾ ਲੱਖੀ ਬਾਹੂ ਬਲ ਅੰਦਰ ਠਾਠਾਂ ਮਾਰ ਰਿਹੈ। ਪੰਜ ਦਸ ਦੰਗਾ ਬਾਜ਼ਾਂ ਦਾ ਸਫ਼ਾਇਆ ਕਰ ਕੇ ਹੀ ਮਰਾਂਗਾ। ਆਓ ਮੇਰੇ ਨਾਲ ਰਲ ਕੇ ਕਲਗੀਧਰ ਮਹਾਰਾਜ ਦਾ ਸ਼ਬਦ ਗਾਇਨ ਕਰੋ। ਮੈਂ ਨਾਲੋਂ ਨਾਲ ਤਿਆਰ ਹੁੰਦਾ ਹਾਂ :

ਦੇਹ ਸ਼ਿਵਾ ਬਰ ਮੋਹਿ ਇਹੈ,  
ਸੁਭ ਕਰਮਨ ਤੇ ਕਬਹੂੰ ਨ ਟਰੋ।  
ਨ ਡਰੋਂ ਅਰ ਸੋ ਜਬ ਜਾਇ ਲਰੋ,  
ਨਿਸਚੈ ਕਰ ਅਪਨੀ ਜੀਤ ਕਰੋ।  
ਅਰੁ ਸਿਖ ਹੋ ਆਪਨੇ ਹੀ ਮਨ ਕੋ,  
ਇਹ ਲਾਲਚ ਹਉਂ ਗੁਨ ਤਉ ਉਚਰੋ।  
ਜਬ ਆਵ ਕੀ ਅਉਧ ਨਿਧਾਨ ਬਨੈ,  
ਅਤ ਹੀ ਰਨ ਮੈ ਤਬ ਜੂਝ ਮਰੋ।

[ਕਾਲੀ ਪੱਗ ਉਤੇ ਖੰਡਾ ਲਾਉਂਦਾ ਹੈ। ਖੱਬੇ ਹੱਥ ਵਿੱਚ ਢਾਲ ਫੜਦਾ ਹੈ। ਕਾਲੇ ਰੰਗ ਦੇ ਗਾਤਰੇ ਵਿਚੋਂ ਤਿੰਨ ਫੁੱਟੀ ਕਿਰਪਾਨ ਕੱਢ ਕੇ ਸੱਜੇ ਹੱਥ ਵਿਚ ਲੈਂਦਾ ਹੈ। ਅਣ, ਗੰਭੀਰ ਤੇ ਬੇਖ਼ੌਫ ਚਿਹਰਾ ਬਣ ਜਾਂਦਾ ਹੈ। ਬੱਚੇ ਬੜੀ ਉਤਸੁਕਤਾ ਨਾਲ ਉਸ ਵਲ ਦੇਖਦੇ ਹਨ।]

ਸਨੀ

ਦਾਦੀ ਮਾਂ, ਭਾਪਾ ਜੀ ਕਿਥੇ ਚੱਲੇ ਐ ?

ਮਾਤਾ

ਮੁੰਡਿਆਂ ਨਾਲ ਲੜਨ।

ਸਨੀ

ਕਿਉਂ ?

ਮਾਤਾ

ਉਨ੍ਹਾਂ ਸਾਡੇ ਘਰ ਨੂੰ ਘੇਰਾ ਪਾਇਆ ਹੋਇਆ ਏ। ਅੱਗ ਲਾਣ ਨੂੰ ਫਿਰਦੇ ਨੇ।

ਸਨੀ

ਦਾਦੀ ਮਾਂ, ਉਹ ਤਾਂ ਬਹੁਤੇ ਨੇ।

ਮਾਤਾ

ਫੇਰ ਕੀ ਹੋਇਆ।

ਸਨੀ

ਜੇ ਉਨ੍ਹਾਂ ਭਾਪਾ ਜੀ ਨੂੰ ਮਾਰਿਆ ?

ਮਾਤਾ

ਤੇਰਾ ਭਾਪਾ ਬਹੁਤ ਤਕੜਾ ਏ, ਮਾਰ ਨਹੀਂ ਖਾਵੇਗਾ।

ਸਨੀ

ਫੇਰ ਮੰਮੀ ਕਿਉਂ ਰੋਂਦੀ ਏ ?

ਮਾਤਾ

ਡਰਦੀ ਏ ਤੇਰੇ ਭਾਪੇ ਨੂੰ ਜ਼ਟ ਪੱਟ ਨਾ ਲਗ ਜਾਵੇ।

ਸਨੀ

ਫੇਰ ਉਹ ਕਿਉਂ ਨਹੀਂ ਨਾਲ ਜਾਂਦੀ।

ਸਤਵੰਤ

ਬੇਟੇ ਵਾਰੋ ਵਾਰੀ ਸਭ ਜਾਵਾਂਗੇ।

ਸਨੀ

(ਛੋਟੇ ਨੂੰ) ਆਪਾਂ ਕੱਠੇ ਜਾਵਾਂਗੇ।

ਸੁੰਦਰ

ਸੋਹਣ, ਹੁਣ ਦਿਲ ਹੌਲਾ ਨਾ ਕਰ। ਮੈਨੂੰ ਖੁਸ਼ੀ ਖੁਸ਼ੀ ਬਾਹਰ ਤੋਰ।

ਸੋਹਣ

ਇਕੋ ਸ਼ਰਤ ਤੇ ਮੈਂ ਮੰਨ ਸਕਦਾਂ।

ਸੁੰਦਰ

ਦਸ, ਉਹ ਕੀ ਸ਼ਰਤ ਏ ?



ਸੋਹਣ

ਮੈਂ ਵੀ ਤੇਰੇ ਨਾਲ ਲੜਾਂ ਮਰਾਂਗਾ।

ਸੁੰਦਰ

ਫੇਰ ਓਹੋ ਜ਼ਿਦ, ਕੀ ਫਾਇਦਾ ਹੋਵੇਗਾ ?

ਸੋਹਣ

ਨਾ ਹੋਵੇ। ਇਕੋ ਮਾਂ ਦੀ ਕੁੱਖੋਂ ਜਨਮ ਲਿਆ ਏ, ਕੱਠੇ ਹੀ ਲੜ ਕੇ ਮਿੱਟੀ 'ਚ ਰਲਾਂਗੇ।

ਸੁੰਦਰ

ਸੋਹਣ, ਉਪਭਾਵਕ ਨਾ ਹੋ, ਮੌਕੇ ਦੀ ਨਜ਼ਾਕਤ ਨੂੰ ਸਮਝ। ਇਹ ਦੋਵੇਂ ਵਿਧਵਾ ਹੋ ਜਾਣਗੀਆਂ ਤੇ ਬੱਚੇ ਯਤੀਮ।

ਬਿਮਲਾ

(ਰੋਂਦੀ ਹੋਈ) ਹਾਏ ! ਤੁਸੀਂ ਕਿਉਂ ਚੰਦਰੀਆਂ ਗੱਲਾਂ ਕਰੀ ਜਾਂਦੇ ਓ।

ਸਤਵੰਤ

ਪਹਿਲਾਂ ਸਾਨੂੰ ਜਾ ਲੈਣ ਦਿਓ, ਤੁਹਾਥੋਂ ਬਿਨਾ ਸਾਡਾ ਕੀ ਜੀਵਨ ਹੋਵੇਗਾ।

ਬਿਮਲਾ

ਕੱਖਾ ਕਾਨਿਆਂ ਵਾਂਗ ਰੁਲਾਂ ਖੁਲਾਂਗੀਆਂ।

ਸੁੰਦਰ

ਢਹਿੰਦੀ ਕਲਾ ਦੀਆਂ ਗੱਲਾਂ ਮਤ ਕਰੋ। ਪਹਿਲਾਂ ਮੈਨੂੰ ਭੁਗਤ ਲੈਣ ਦਿਓ, ਮੌਕੇ ਮੁਤਾਬਕ ਜਿਵੇਂ ਮਰਜ਼ੀ ਕਰ ਲੈਣਾ ਪਰ ਲੜ ਕੇ ਮਰਨਾ।

ਸੋਹਣ

ਵੱਡੇ ਭਾਈ, ਆਖਰੀ ਗਲ ਸੁਣ—

ਸੁੰਦਰ

ਪਾਸੇ ਹਟ ਜਾਹ ! ਮੈਂ ਮਨ 'ਚ ਅਰਦਾਸਾ ਸੋਧ ਚੁੱਕਾਂ। ਹੁਣ ਪਿਛੇ ਨਹੀਂ ਹਟ ਸਕਦਾ। ਮੁੰਡਿਆਂ ਨੇ ਮੇਰੀ ਬਲੀ ਲਏ ਬਿਨਾ ਤੁਹਾਡਾ ਛੁਟਕਾਰਾ ਨਹੀਂ ਕਰਨਾ।

[ਸੁੰਦਰ ਸਿੰਘ ਤਿਆਰ ਹੋ ਕੇ ਬਾਹਰ ਨਿਕਲਣ ਲਗਦਾ ਹੈ। ਸੋਹਣ ਥਦੋ ਬਦੀ ਉਹਦੇ ਗਲ ਲਗ ਕੇ ਰੋਂਦਾ ਹੈ।]

ਸੋਹਣ

ਮੇਰੀ ਆਖਰੀ ਗਲ—

ਸੁੰਦਰ

ਸੋਹਣ, ਤੂੰ ਪਾਗਲ ਹੋ ਗਿਐਂ, ਕੀ ਹੋਇਐ ਤੈਨੂੰ।

ਸੋਹਣ

ਵੱਡੇ ਵੀਰ, ਦੁਨੀਆਂ 'ਚ ਸਭ ਕੁਝ ਮਿਲ ਸਕਦੈ, ਸਵਾਏ ਢਿਡ ਦੇ ਜੰਮੇ ਭਰਾ ਦੇ ।

ਸੁੰਦਰ

(ਉਸ ਨੂੰ ਗਲੋਂ ਲਾਹ ਕੇ) ਸੋਹਣ, ਹੋਸ਼ ਕਰ । ਤਕੜਾ ਹੋ, ਬਾਕੀਆਂ ਦੇ ਦਿਲ ਕਮਜ਼ੋਰ ਨਾ ਕਰ । ਫੌਰਨ ਬੂਹਾ ਬੰਦ ਕਰ ਲਓ ।

[ ਸੁੰਦਰ ਸਿੰਘ ਬਾਹਰ ਨਿਕਲਦੇ ਸਾਰ ਉੱਚੀ ਉੱਚੀ ਜੈਕਾਰੇ ਬੁਲਾਂਦਾ ਹੈ । ਦੰਗਾਕਾਰੀ ਡਰਦੇ ਪਿੱਛੇ ਹਟ ਜਾਂਦੇ ਹਨ । ਸੋਹਣ ਮੋਰੀ ਥਾਣੀਂ ਬਾਹਰ ਦੇਖਦਾ ਹੈ । ]

ਆਵਾਜ਼ਾਂ

ਮਾਰੋ, ਮਾਰੋ, ਸਿਖ ਆਪੇ ਬਾਹਰ ਨਿਕਲ ਆਇਐ ।

ਸੁੰਦਰ

ਵਤਨੀ ਵੀਰੋ, ਸਿਰਫ਼ ਇਕ ਮਿੰਟ ਮੇਰੀ ਗਲ ਸੁਣ ਲਓ, ਫੇਰ ਜਿੱਦਾਂ ਤੁਹਾਡਾ ਦਿਲ ਕਰੇ ਕਰਨਾ ।

ਇਕ ਕੜਕਵੀਂ ਆਵਾਜ

ਰੁਕ ਜਾਓ, ਕੋਈ ਇਟ ਪੱਥਰ ਨਾ ਮਾਰੋ, ਸੁਣੋ ਕੀ ਕਹਿੰਦੈ ।

ਸੁੰਦਰ

ਭਰਾਵੋ, ਮੈਂ ਤੁਹਾਡੇ ਹੱਥੋਂ ਮਰਨ ਲਈ ਹੀ ਬਾਹਰ ਆਇਆ ਹਾਂ । ਦਿੱਲੀ ਅੰਦਰ ਮਚਦੇ ਭਾਂਬੜ ਵਿਚ ਆਪਣੀ ਸਿਝ ਪਾਣ ਲਈ । ਦੋਸਤੋ, ਮੈਂ ਲੜਨ ਲਈ ਬਾਹਰ ਨਹੀਂ ਆਇਆ । ਲੜਿਆ ਦੁਸ਼ਮਣਾਂ ਨਾਲ ਜਾਂਦਾ ਹੈ । ਤੁਸੀਂ ਮੇਰੇ ਵਤਨੀ ਭਰਾ ਹੋ । ਕੀ ਹੋਇਐ ਜੇ ਝੂਠੀਆਂ ਅਫ਼ਵਾਹਾਂ ਕਾਰਨ ਤੁਸੀਂ ਗੁਮਰਾਹ ਹੋ ਗਏ ਓ ।

ਆਵਾਜ਼ਾਂ

ਮੂੰਹ ਬੰਦ ਕਰੋ ਗ਼ਦਾਰ ਦਾ । ਅਸੀਂ ਕੁਛ ਸੁਣਨ ਲਈ ਤਿਆਰ ਨਹੀਂ ।

ਕੜਕਵੀਂ ਆਵਾਜ਼

ਠਹਿਰੋ ! ਜ਼ਰਾ ਸੁਣ ਲਓ ।

ਸੁੰਦਰ

ਫਾਂਸੀ ਚਾੜ੍ਹਨ ਤੋਂ ਪਹਿਲਾਂ ਕਾਤਲ ਦੀ ਵੀ ਸੁਣੀ ਜਾਂਦੀ ਏ । ਮੈਂ ਤਾਂ ਤੁਹਾਡਾ ਕੁਝ ਨਹੀਂ ਵਿਗਾੜਿਆ ।

ਇਕ ਮੁੰਡਾ

ਤੇਰੇ ਦੋ ਭਰਾਵਾਂ ਨੇ ਪਰਧਾਨ ਮੰਤਰੀ ਦੀ ਹਤਿਆ ਕੀਤੀ ਹੈ ।

ਸੁੰਦਰ

ਭਰਾਵੋ, ਕੀ ਦੋ ਕਾਤਲਾਂ ਪਿੱਛੇ ਸਾਰੀ ਸਿਖ ਕੌਮ ਕਸੂਰਵਾਰ ਬਣ ਗਈ ? ਕੀ ਮਹਾਤਮਾ



ਗਾਂਧੀ ਦੀ ਹਤਿਆ ਪਿੱਛੇ ਸਾਰੇ ਮਰਾਠੇ ਦੋਸ਼ੀ ਬਣ ਗਏ ਸਨ ?

ਦੂਜਾ ਮੁੰਡਾ

ਮਾਰੋ । ਦੇਸ ਦੇ ਦੁਸ਼ਮਣ ਦਾ ਮੂੰਹ ਬੰਦ ਕਰੋ ।

ਸੁੰਦਰ

ਕੀ ਦੇਸ ਦੀ ਖਾਤਰ ਮਰ ਮਿਟਣ ਵਾਲੇ ਰਾਤੋ ਰਾਤ ਦੇਸ ਧਰੋਹੀ ਬਣ ਗਏ ? ਕੀ ਸਿੱਖਾਂ ਦੀਆਂ ਕੁਲ ਕੁਰਬਾਨੀਆਂ ਖੂਹ ਖਾਤੇ ਪੈ ਗਈਆਂ ? ਕੀ ਅਜ਼ਾਦੀ ਦੀ ਜੰਗ ਵਿਚ ਸਿੱਖਾਂ ਦਾ ਡੁੱਲ੍ਹਾ ਖੂਨ ਅਜਾਈਂ ਚਲਾ ਗਿਆ ? ਭਰਾਵੋ, ਪ੍ਰਧਾਨ ਮੰਤਰੀ ਦੇ ਕਤਲ ਦਾ ਮੈਨੂੰ ਤੁਹਾਡੇ ਨਾਲੋਂ ਵਧ ਦੁਖ ਏ । ਯਕੀਨ ਕਰੋ ।

ਨਾਅਰੇ

ਸਿਖ ਸਰਦਾਰ,<br>ਮੁਲਕ ਦੇ ਗ਼ਦਾਰ ।

ਸੁੰਦਰ

ਦੋਸਤੋ, ਸਚ ਜਾਣੋ, ਕੋਈ ਵੀ ਸਿਖ ਦੇਸ ਨਾਲ ਧਰੋਹ ਨਹੀਂ ਕਰ ਸਕਦਾ । ਉਹ ਦੇਸ ਖਾਤਰ ਜਾਨ ਤਾਂ ਕੁਰਬਾਨ ਕਰ ਸਕਦਾ ਏ ਮਗਰ ਗ਼ਦਾਰੀ ਨਹੀਂ ਕਰ ਸਕਦਾ । ਮੈਂ ਜ਼ਿੰਦਗੀ ਭਰ ਕਾਂਗਰਸ ਦਾ ਅਦਨਾ ਜਿਹਾ ਕਾਰਕੁਨ ਰਿਹਾ ਹਾਂ ।

ਆਵਾਜ਼

ਬਕਵਾਸ ਬੰਦ ਕਰਾਓ, ਪਾਪੀ ਦੇਸ ਧਰੋਹੀ ਦੀ ।

[ ਦੋ ਤਿੰਨ ਇੱਟਾਂ ਵੱਟੇ ਸੁੰਦਰ ਸਿੰਘ ਢਾਲ ਨਾਲ ਰੋਕਦਾ ਹੈ । ]

ਸੁੰਦਰ

ਮਿਤਰੋ, ਸਾਨੂੰ ਗੁਰਾਂ ਦਾ ਹੁਕਮ ਹੈ, ਪਹਿਲ ਹਰਗਿਜ਼ ਨਹੀਂ ਕਰਨੀ । ਜਦੋਂ ਸੁਲਹ ਦੇ ਸਾਰੇ ਰਾਹ ਬੰਦ ਹੋ ਜਾਣ ਤਾਂ ਤਲਵਾਰ ਚੁਕਣੀ ਜਾਇਜ਼ ਹੁੰਦੀ ਹੈ । ਜੇ ਤੁਸੀਂ ਕੋਈ ਗਲ ਸੁਣਨ ਲਈ ਤਿਆਰ ਨਹੀਂ, (ਤਲਵਾਰ ਉੱਚੀ ਚੁਕ ਕੇ) ਤਾਂ ਆਓ ਫੇਰ ।

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ।<br>ਹਲਾਲ ਅਸਤ ਬੁਰਦਨ ਬ ਸ਼ਮਸ਼ੀਰੇ ਦਸਤ ।

[ ਸੁੰਦਰ ਸਿੰਘ ਕਿਰਪਾਨ ਘੁਮਾਉਂਦਾ ਹੋਇਆ ਅੱਗੇ ਵਧਦਾ ਹੈ । ਦੰਗਾਕਾਰੀ ਪਿਛੇ ਹਟਦੇ ਜਾਂਦੇ ਹਨ । ਇਕ ਗੁੰਡਾ ਅਖ ਬਚਾ ਕੇ ਉਸ ਦੇ ਸਿਰ ਵਿਚ ਸਲਾਖ ਮਾਰਨ ਦਾ ਅਸਫਲ ਯਤਨ ਕਰਦਾ ਹੈ । ਸੁੰਦਰ ਸਿੰਘ ਤਿੰਨਾਂ ਚੋਹਾਂ ਨੂੰ ਲਪਕ ਕੇ ਜ਼ਖਮੀ ਕਰਦਾ ਹੈ । ਇਕ

ਸਾਲਮ ਇੱਟ ਸਿਰ ਤੇ ਲਗਣ ਨਾਲ ਉਹ ਡਿਗ ਪੈਂਦਾ ਹੈ।]

ਆਵਾਜ਼ਾਂ

ਗ਼ਦਾਰ ਡਿਗ ਪਿਐ, ਛੇਤੀ ਕਰੋ, ਤੇਲ ਪਾਓ, ਅੱਗ ਲਾਓ।

[ਸੁੰਦਰ ਸਿੰਘ ਜੋਸ਼ ਨਾਲ ਉਠਦਾ ਹੈ ਅਤੇ ਤਲਵਾਰ ਘੁਮਾਉਂਦਾ ਇਕ ਦੋ ਹੋਰ ਫਸਾਦੀ ਜ਼ਖਮੀ ਕਰਦਾ ਹੈ। ਚੋਹਾਂ ਪਾਸਿਆਂ ਤੋਂ ਇੱਟਾਂ ਵੱਟੇ ਵਰ੍ਹਨੇ ਸ਼ੁਰੂ ਹੋ ਜਾਂਦੇ ਹਨ। ਸਿਰ ਪਿਛੇ ਇਕ ਜ਼ੋਰਦਾਰ ਇੱਟ ਵਜਣ ਨਾਲ ਉਹ ਡਿੱਗ ਕੇ ਬੇਹੋਸ਼ ਹੋ ਜਾਂਦਾ ਹੈ।]

ਸਤਵੰਤ

(ਭੀੜ ਥਾਣੀ ਦੇਖ ਕੇ ਦੋਹੱਥੜ ਪਿਟਦੀ ਹੋਈ) ਹਾਏ ਮੈਨੂੰ! ਮੇਰੇ ਜੀਣ ਦਾ ਹੁਣ ਕੋਈ ਧਰਮ ਨਹੀਂ ਰਿਹਾ।

ਸੋਹਣ

ਕੀ ਹੋਇਐ ?

ਸਤਵੰਤ

ਬਹਾਦਰੀ ਨਾਲ ਲੜ ਰਹੇ ਸੀ। ਅਚਾਨਕ ਕਰਾਰੀ ਸੱਟ ਖਾ ਕੇ ਡਿਗ ਪਏ। ਪੈਟਰੋਲ ਪਾ ਕੇ ਅੱਗ ਲਾਣ ਲਗੇ ਨੇ।

[ਦੋਵੇਂ ਬੱਚੇ ਸਤਵੰਤ ਨੂੰ ਰੋਂਦੀ ਪਿਟਦੀ ਦੇਖ ਕੇ ਦਾਦੀ ਦੀ ਹਿਕ ਨਾਲ ਲਗ ਕੇ ਬੈਠ ਜਾਂਦੇ ਹਨ।]

ਸੋਹਣ

ਸਦ ਅਫਸੋਸ! ਮੈਂ ਬਥੇਰਾ ਕਿਹਾ, ਪਹਿਲਾਂ ਮੈਨੂੰ ਜਾ ਲੈਣ ਦਿਓ, ਕਿਸੇ ਨੇ ਮੇਰੀ ਗੱਲ ਨਾ ਮੰਨੀ। ਸੰਭਵ ਸੀ ਮੈਂ ਇਹ ਭਾਣਾ ਟਾਲ ਦਿੰਦਾ। ਸ਼ਾਇਦ ਭੀੜ ਚੋਂ ਮੇਰੇ ਵਾਕਫ਼ ਮੇਰੀ ਤਰਫਦਾਰੀ ਕਰਦੇ। ਭਰਜਾਈ ਜੀ, ਹੁਣ ਰੋਣ ਧੋਣ ਦਾ ਕੋਈ ਫਾਇਦਾ ਨਹੀਂ, ਆਓ ਹੁਣ ਭਰਾ ਵਾਂਗ ਸਾਰੇ ਬਹਾਦਰੀ ਨਾਲ ਮੌਤ ਨੂੰ ਕਬੂਲ ਕਰੀਏ। ਹੁਣ ਵੇਰੀ ਢਾਹੁਣ ਦਾ ਵਕਤ ਨਹੀਂ ਰਿਹਾ। ਵਾਰੋ ਵਾਰੀ ਸ਼ਹਾਦਤ ਦਾ ਜਾਮ ਪੀਣ ਲਈ ਤਿਆਰ ਹੋ ਜਾਓ।

ਬਾਹਰੋਂ ਆਵਾਜ਼ਾਂ

ਗ਼ਦਾਰ ਦੇ ਟੱਬਰ ਨੂੰ ਬਾਹਰ ਕੱਢੋ, ਵਰਨਾ ਘਰ ਨੂੰ ਅੱਗ ਲਾ ਦਿਆਂਗੇ।



ਕੜਕਵੀਂ ਆਵਾਜ਼

ਖਬਰਦਾਰ ਜੇ ਕਿਸੇ ਨੇ ਇਹ ਕਮੀਨੀ ਹਰਕਤ ਕੀਤੀ। ਹਿੰਦੂ ਭਰਾ ਦਾ ਪਰਵਾਰ ਵੀ ਨਾਲ ਸੜ ਜਾਏਗਾ। ਜਿੰਨਾ ਚਿਰ ਸਰਦਾਰ ਦੇ ਇਕ ਇਕ ਜੀਅ ਨੂੰ ਕਢ ਕੇ ਖਤਮ ਨਹੀਂ ਕਰ ਲੈਂਦੇ, ਕਿਸੇ ਨੇ ਅੱਗ ਨਹੀਂ ਲਾਣੀ ਹੋਵੇਗੀ।

ਸੋਹਣ

ਆਹ ਸੁਣ ਲਵੋ, ਮੇਰੇ ਬਾਹਰ ਜਾਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਰਿਹਾ।

ਸਤਵੰਤ

ਤੁਸੀਂ ਸਨੀ ਨੂੰ ਸੰਭਾਲੋ, ਮੈਨੂੰ ਜਾਣ ਦਿਉ।

ਸੋਹਣ

(ਕੜਕ ਕੇ) ਭਰਜਾਈ ਜੀ!

ਸਤਵੰਤ

ਉਨ੍ਹਾਂ ਨੂੰ ਪਟਰੋਲ ਪਾ ਕੇ ਅੱਗ ਲਾ ਦਿੱਤੀ ਏ। ਮੈਂ ਅੰਦਰ ਕਿੱਦਾਂ ਰਹਿ ਸਕਦੀ ਆਂ। ਹਾਏ, ਮੈਨੂੰ ਛੱਡ ਦੇਹ, ਮੈਨੂੰ ਜਾਣ ਦੇਹ।

ਸੋਹਣ

(ਉਸ ਨੂੰ ਜ਼ਬਰਦਸਤੀ ਬਾਹਰ ਜਾਣ ਤੋਂ ਰੋਕਦਾ ਹੈ। ਧੱਕਾ ਮਾਰ ਕੇ ਪਿਛੇ ਹਟਾਉਂਦਾ ਹੋਇਆ) ਭਰਜਾਈ ਜੀ, ਤੁਹਾਨੂੰ ਸਨੀ ਦੀ ਸੌਂਹ, ਰੁਕ ਜਾਓ! ਅੱਗੇ ਕਿਸੇ ਨੇ ਮੇਰੀ ਗਲ ਨਹੀਂ ਮੰਨੀ। ਹੁਣ ਮੈਂ ਮਨ ਮਰਜ਼ੀ ਕਰਾਂਗਾ।

ਸਤਵੰਤ

(ਉਠ ਕੇ ਦਰਵਾਜ਼ੇ ਵਲ ਵਧਦੀ ਹੋਈ) ਸੋਹਣ ਵੀਰ, ਮੈਨੂੰ ਉਹਨਾਂ ਦੀ ਮਦਦ ਲਈ ਜਾ ਲੈਣ ਦੇਹ।

ਸੋਹਣ

ਭਰਜਾਈ, ਜੀਂਦੇ ਜੀ ਮੈਂ ਤੇਰੀ ਬੇਇਜ਼ਤੀ ਨਹੀਂ ਸਹਾਰ ਸਕਦਾ। ਮੈਂ ਤੈਨੂੰ ਹਰਗਿਜ਼ ਗੁੰਡਿਆਂ ਦੇ ਵਸ ਨਹੀਂ ਪੈਣ ਦੇਵਾਂਗਾ। ਚੁਪ ਕਰ ਕੇ ਬੈਠ ਜਾ।

ਸਤਵੰਤ

ਕੋਈ ਪਤਨੀ ਬੇਦੋਸ਼ੇ ਪਤੀ ਨੂੰ ਸੜਦਾ ਵੇਖ ਕੇ ਚੁੱਪ ਕਿੱਦਾਂ ਰਹਿ ਸਕਦੀ ਏ।

ਸੋਹਣ

ਯਕੀਨ ਕਰੋ, ਮੈਂ ਭੀੜ ਦਾ ਰੁਖ ਬਦਲ ਦਿਆਂਗਾ। ਭਰਾ ਮਾਰੂ ਖਤਰਾ ਟਾਲ ਦਿਆਂਗਾ। ਭਰਾ ਦੀ ਤਰ੍ਹਾਂ ਮੇਰੇ ਨਾਲ ਰਲ ਕੇ ਭਗਤ ਕਬੀਰ ਦਾ ਸ਼ਬਦ ਗਾਓ, ਤੁਹਾਡਾ ਡਰ ਦੂਰ ਹੋਵੇ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ,
ਮੇਰੇ ਮਨ ਆਨੰਦੁ।
ਮਰਨੇ ਹੀ ਤੇ ਪਾਈਐ
ਪੂਰਨੁ ਪਰਮਾਨੰਦੁ।......

ਗਗਨ ਦਮਾਮਾ ਬਾਜਿਓ,
ਪਰਿਓ ਨੀਸਾਨੈ ਘਾਓ ।
ਖੇਤੁ ਜੁ ਮਾਂਡਿਓ ਸੂਰਮਾ,
ਅਬ ਜੂਝਣ ਕੌ ਦਾਓ ।
ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨਾ ਛਾਡੈ ਖੇਤ ।

[ਸ਼ਬਦ ਗਾਉਂਦਾ ਹੋਇਆ ਸਿਰ ਮੁੰਡਾਸਾ ਬੰਨ੍ਹਦਾ ਹੈ । ਮੱਥੇ ਤਿਲਕ ਲਗਾਂਦਾ ਹੈ । ਸੱਜੇ ਹਥ ਤ੍ਰਿਸੂਲ ਫੜ ਕੇ ਬਾਹਰ ਨਿਕਲਣ ਲਈ ਤਿਆਰ ਹੁੰਦਾ ਹੈ ।]

ਬਿਮਲਾ

(ਰੋਂਦੀ ਹੋਈ) ਮੈਂ ਵੀ ਤੁਹਾਡੇ ਨਾਲ ਜਾਵਾਂਗੀ ।

ਸੋਹਣ

(ਪਿਛੇ ਧਕਦਾ ਹੋਇਆ) ਪਾਗਲ ਹੋ ਗਈ ਏਂ । ਹਟ ਪਿੱਛੇ ।

ਸਤਵੰਤ

ਵੇ ਸੋਹਣ, ਮੈਂ ਕੀ ਤੇਰਾ ਵਿਗਾੜਿਆ, ਮੈਨੂੰ ਤਾਂ ਹੁਣ ਜਾਣ ਦੇਹ ।

ਸੋਹਣ

(ਧੱਕਾ ਮਾਰ ਕੇ ਪਿੱਛੇ ਹਟਾਂਦਾ ਹੋਇਆ) ਜਾਂਦੇ ਨੂੰ ਹੋੜ ਨਾ ਪਾਉ । ਹੌਸਲਾ ਰਖੋ । ਬੂਹਾ ਫੌਰਨ ਬੰਦ ਕਰ ਲਓ ।

[ਸੋਹਣ ਬਾਹਰ ਨਿਕਲਦੇ ਸਾਰ ਉੱਚੀ ਉੱਚੀ ਨਾਅਰੇ ਮਾਰਦਾ ਹੈ :
"ਹਰ ਹਰ ਮਹਾਂ ਦੇਵ !
ਸਰਦਾਰ ਮੁਲਕ ਕੇ ਗੱਦਾਰ"
ਭੀੜ ਵਿਚ ਅਜੀਬ ਪ੍ਰਤੀਕਰਮ ਹੁੰਦਾ ਹੈ, ਸਾਰੇ ਘੜੀ ਪਲ ਲਈ ਬੁਤ ਬਣ ਜਾਂਦੇ ਹਨ ।]

ਸੋਹਣ

ਸ਼ਾਬਾਸ਼ ਭਰਾਵੋ, ਤੁਸੀਂ ਦੇਸ ਦੀ ਆਨ ਸ਼ਾਨ ਦੇ ਰਾਖੇ ਓ ।
ਅਲਾਹੀ ਯੋਧੇ ਬਲਕਾਰੀ ਓ ।
ਮੈਂ ਤੁਹਾਡੀ ਹਿੰਮਤ, ਬਹਾਦਰੀ ਤੇ ਦੇਸ਼ ਭਗਤੀ ਅੱਗੇ ਸਿਰ ਝੁਕਾਂਦਾ ਹਾਂ ।
ਪ੍ਰਧਾਨ ਮੰਤਰੀ ਦਾ ਕਤਲ ਘੋਰ ਅਪਰਾਧ ਹੈ, ਸਾਰੇ ਸਿਖ ਇਸ ਦੇ ਜ਼ਿੰਮੇਵਾਰ ਹਨ ।



ਮੈਨੂੰ ਤੁਹਾਡੇ ਨਾਲੋਂ ਕਿਤੇ ਵਧ ਇਸ ਕੌਮੀ ਕਤਲ ਦਾ ਦੁਖ ਹੈ । ਅਸਾਂ ਖ਼ੂਨ ਦਾ ਬਦਲਾ ਖ਼ੂਨ ਨਾਲ ਲੈਣਾ ਹੈ ।

[ਭੀੜ ਵਿਚੋਂ ਜੋਸ਼ ਭਰੇ ਨਾਅਰੇ :
ਖ਼ੂਨ ਦਾ ਬਦਲਾ ਖ਼ੂਨ
ਸਰਦਾਰ ਦੇ ਸਕੇ ਗ਼ੱਦਾਰ !]

ਸਾਥੀਓ, ਸਾਰੇ ਆਓ ਮੇਰੇ ਮਗਰ, ਅਸੀਂ ਉਸ ਬਸਤੀ ਵਿਚੋਂ ਗ਼ਦਾਰਾਂ ਦਾ ਸਫ਼ਾਇਆ ਕਰੀਏ । ਇਕ ਵੀ ਦੇਸ ਧਰੋਹੀ ਜੀਂਦਾ ਨਹੀਂ ਛਡਣਾ ।

ਆਵਾਜ਼ਾਂ

ਚਲੋ ਚਲੋ, ਨੌਜਵਾਨ ਨੇਤਾ ਦੇ ਮਗਰ ਲੱਗੋ ।

ਸੋਹਣ

ਦੋਸਤੋ, ਮੈਂ ਤੁਹਾਡੇ ਅੱਗੇ ਅੱਗੇ ਚੱਲਾਂਗਾ ।
ਸਭ ਤੋਂ ਪਹਿਲਾਂ ਖਤਰਾ ਮੈਂ ਸਹੇੜਾਂਗਾ ।
ਅਸੀਂ ਇਸ ਕੌਮੀ ਖ਼ੂਨ ਦਾ ਗਿਣ ਗਿਣ ਕੇ ਬਦਲਾ ਲਵਾਂਗੇ ।
ਦਿੱਲੀ ਅੰਦਰ ਇਕ ਵੀ ਦੇਸ ਧਰੋਹੀ ਰਹਿਣ ਨਹੀਂ ਦੇਣਾ । ਸਾਡੇ ਅੰਦਰ ਅਥਾਹ ਜਵਾਲਾ ਭਖ ਰਹੀ ਏ । ਸਭ ਨੂੰ ਭਸਮ ਕਰ ਦਿਆਂਗੇ ।

ਆਵਾਜ਼ਾਂ

ਚਲੋ ਚਲੋ, ਮਗਰ ਲੱਗੋ, ਭਾਰੀ ਲੀਡਰ ਟੱਕਰ ਗਿਐ ।

ਇਕ ਸਿਆਣਾ

ਠਹਿਰੋ, ਲੋਕੋ, ਮੈਨੂੰ ਲਗਦੈ ਉਹ ਸਾਨੂੰ ਚਾਰ ਰਿਹੈ, ਮੌਕਾ ਟਾਲ ਰਿਹੈ । ਸਿਖ ਗ਼ੱਦਾਰ ਦਾ ਸਾਰਾ ਟੱਬਰ ਅੰਦਰ ਹੈ ।

ਸੋਹਣ

ਅੱਗੇ ਵਧੋ, ਰੁਕ ਕਿਉਂ ਗਏ ?

ਸਿਆਣਾ

ਮਕਾਨ ਦੀ ਤਲਾਸ਼ੀ ਲਏ ਬਿਨਾ ਅਸੀਂ ਅੱਗੇ ਨਹੀਂ ਜਾਵਾਂਗੇ ।

ਸੋਹਣ

ਦੋਸਤੋ, ਮੇਰਾ ਯਕੀਨ ਕਰੋ । ਉਹ ਮੇਰੀ ਮਰਜ਼ੀ ਤੋਂ ਉਲਟ ਘਰ ਵਿਚ ਘੁਸ ਆਇਆ ਸੀ । ਮੈਂ ਹੀ ਧੱਕੇ ਮਾਰ ਮਾਰ ਕੇ ਬਾਹਰ ਕਢਿਆ ਸੀ, ਤੁਸੀਂ ਬੜਾ ਚੰਗਾ ਕੀਤਾ ਉਸ ਨੂੰ ਅਗਨੀ ਭੇਟ ਕਰ ਦਿੱਤਾ ।

ਆਵਾਜ਼

ਤਲਾਸ਼ੀ ਲੈਣ ਪਿਛੋਂ ਤੇਰੇ ਮਗਰ ਲੱਗਾਂਗੇ, ਜਿੱਧਰ ਹੁਕਮ ਦੇਵੇਂਗਾ, ਪਿੱਛੇ ਲੱਗਾਂਗੇ ।

ਸੋਹਣ

ਦੋਸਤੋ, ਚੰਦ ਸ਼ੱਕੀ ਸੁਭਾ ਬੰਦਿਆਂ ਦੀ ਗਲ ਨਾ ਸੁਣੋ । ਸੁਨਹਿਰੀ ਵਕਤ ਜ਼ਾਇਆ ਨਾ

ਕਰੋ। ਰੇਡੀਓ ਤੇ ਐਲਾਨ ਹੋ ਚੁੱਕਾ ਹੈ। ਕਰਫੀਊ ਸਖ਼ਤੀ ਨਾਲ ਲਾਗੂ ਹੋ ਗਿਆ ਹੈ, ਮਿਲਟਰੀ ਤਾਇਨਾਤ ਹੋਣ ਹੀ ਵਾਲੀ ਹੈ। ਇਕ ਮਿੰਟ ਦੀ ਢਿੱਲ ਸਾਡੇ ਤੇ ਭਾਰੂ ਹੋ ਸਕਦੀ ਹੈ। ਉਹ ਵਕਤ ਮੁੜ ਕਦੇ ਹਥ ਨਹੀਂ ਆਉਣਾ।

ਆਵਾਜ਼ਾਂ

ਚਲੋ, ਚਲੋ, ਮਗਰ ਲੱਗੋ, ਅਗੇ ਵਧੋ।

ਵਿਰੋਧੀ ਆਵਾਜ਼

ਠਹਿਰੋ, ਰੁਕ ਜਾਓ, ਮੂਰਖ ਨਾ ਬਣੋ।
ਹਥਲਾ ਸ਼ਿਕਾਰ ਕਾਬੂ ਕੀਤੇ ਬਿਨਾ ਕਦਮ ਨਹੀਂ ਪੁਟਣਾ।

[ਦੋ ਤਿੰਨ ਦੰਗਾਕਾਰੀ ਮੁੜ ਕੇ ਬੂਹੇ ਵਲ ਵਧਦੇ ਹਨ। ਜ਼ੋਰ ਜ਼ੋਰ ਨਾਲ ਬੂਹਾ ਖੜਕਾਂਦੇ ਹਨ। ਸੋਹਣ ਉਨ੍ਹਾਂ ਨੂੰ ਰੋਕਦਾ ਹੈ।]

ਇਕ ਫਸਾਦੀ

ਸਾਫ ਜ਼ਾਹਰ ਹੈ। ਗ਼ਦਾਰ ਦਾ ਟੱਬਰ ਅੰਦਰ ਹੈ।

ਸੋਹਣ

ਬਿਲਕੁਲ ਨਹੀਂ, ਯਕੀਨ ਕਰੋ।

ਫਸਾਦੀ

ਇਹ ਝੂਠਾ ਹੈ। ਸਾਨੂੰ ਗੁਮਰਾਹ ਕਰ ਰਿਹੇ।

ਵਿਰੋਧੀ ਆਵਾਜ਼ਾਂ

ਮਾਰੋ, ਮਾਰੋ, ਗ਼ਦਾਰ ਦਾ ਹਮਦਰਦ ਵੀ ਦੇਸ਼ ਦਾ ਦੁਸ਼ਮਨ ਹੈ।

[ਸੋਹਣ ਨੂੰ ਘੜੀ ਪਲ ਵਿਚ ਰੋੜੇ ਵੱਟੇ ਪੈਣੇ ਸ਼ੁਰੂ ਹੁੰਦੇ ਹਨ। ਉਹ ਵੀ ਤ੍ਰਿਸ਼ੂਲ ਦੇ ਡਰ ਨਾਲ ਫਸਾਦੀਆਂ ਨੂੰ ਦਰਵਾਜ਼ੇ ਤੋਂ ਦੂਰ ਕਰਦਾ ਹੈ। ਮੱਥੇ 'ਤੇ ਇਕ ਭਾਰੀ ਇੱਟ ਲੱਗਣ ਨਾਲ ਡਿਗ ਪੈਂਦਾ ਹੈ। ਬਿਮਲਾ ਝਟ ਪਟ ਅੰਦਰੋਂ ਨਿਕਲਦੀ ਹੈ ਅਤੇ ਸੋਹਣ ਉਤੇ ਢੇਰੀ ਹੋ ਜਾਂਦੀ ਹੈ।]

ਬਿਮਲਾ

ਬੇਸ਼ਰਮੋ, ਬੇਹਿਆਓ ਮੂਰਖੋ, ਕੁਛ ਤਾਂ ਖਿਆਲ ਕਰੋ, ਆਪਣੇ ਹਿੰਦੂ ਭਰਾ ਨੂੰ ਮਾਰ ਰਹੇ ਓ।

ਆਵਾਜ਼

ਸ਼ਰਮ ਹਯਾ ਅਸੀਂ ਘੋਲ ਕੇ ਪੀ ਚੁੱਕੇ ਹਾਂ।



ਬਿਮਲਾ

ਖਬਰਦਾਰ, ਜੇ ਮੈਨੂੰ ਹਥ ਲਾਇਆ!

[ਦੋ ਗੁੰਡੇ ਬਿਮਲਾ ਨੂੰ ਫੜਨ ਲਈ ਅੱਗੇ ਵਧਦੇ ਹਨ। ਸੋਹਣ ਜੋਸ਼ ਨਾਲ ਬਿਮਲਾ ਦੀ ਮਦਦ ਲਈ ਉਠਦਾ ਹੈ। ਦੋਹਾਂ ਤੇ ਤ੍ਰਿਸ਼ੂਲ ਨਾਲ ਕਰਾਰਾ ਵਾਰ ਕਰਦਾ ਹੈ। ਇਕ ਗੁੰਡਾ ਪਿਛੋਂ ਜ਼ੋਰ ਨਾਲ ਲੋਹੇ ਦੀ ਸੀਖ ਸਿਰ ਤੇ ਮਾਰਦਾ ਹੈ। ਉਹ ਬੇਹੋਸ਼ ਹੋ ਕੇ ਡਿਗ ਪੈਂਦਾ ਹੈ।]

ਬਿਮਲਾ

(ਪਿਟਦੀ ਹੋਈ) ਜ਼ਾਲਮੋਂ, ਕਸਾਈਓ, ਤੁਹਾਡਾ ਬੇੜਾ ਗਰਕ, ਤੁਹਾਡਾ ਕੱਖ ਨਾ ਰਹੇ।

ਇਕ ਗੁੰਡਾ

ਸੋਹਣਿਉਂ, ਤੁਹਾਥੋਂ ਬਿਨਾ ਸਾਨੂੰ ਕੱਖ ਨਹੀਂ ਚਾਹੀਦਾ।

ਬਿਮਲਾ

ਬੇਸ਼ਰਮੋ, ਕੁਤਿਓ, ਤੁਹਾਨੂੰ ਧੀ ਭੈਣ ਦਾ ਵੀ ਲਿਹਾਜ਼ ਨਹੀਂ। ਮੈਂ ਤੁਹਾਡੀ ਹਿੰਦੂ ਭੇਣ ਹਾਂ।

ਦੂਜਾ ਗੁੰਡਾ

ਔਰਤ ਦੀ ਕੋਈ ਜ਼ਾਤ ਨਹੀਂ ਹੁੰਦੀ। ਉਹ ਸਿਰਫ ਕਾਮਣੀ ਹੁੰਦੀ ਹੈ, ਕਾਮਣੀ ਭੋਗਣ ਲਾਇਕ। ਫੜ ਲਓ, ਲੈ ਜਾਓ ਓਸ ਕੋਠੀ ਵਿਚ, ਵਧੀਆ ਮਾਲ ਹੈ।

[ਦੋ ਗੁੰਡੇ ਉਸਨੂੰ ਚੁੱਕਣ ਲਗਦੇ ਹਨ। ਹੱਥੋ ਪਾਈ ਵਿਚ ਉਸਦਾ ਜੰਪਰ ਫਟ ਜਾਂਦਾ ਹੈ। ਸਤਵੰਤ ਅੰਦਰੋਂ ਨੰਗੀ ਤਲਵਾਰ ਲੈ ਕੇ ਨਿਕਲਦੀ ਹੈ। ਜੈਕਾਰੇ ਬੁਲਾਂਦੀ ਹੈ ਅਤੇ ਸ਼ੀਹਣੀ ਵਾਂਗ ਗਰਜਦੀ ਹੈ।]

ਸਤਵੰਤ

ਛਡ ਦਿਓ ਅਪਣੀ ਲਗਦੀ ਨੂੰ, ਜੇ ਜਾਨ ਦੀ ਖੈਰ ਚਾਹੁੰਦੇ ਓ।

ਆਵਾਜ਼

ਲਓ ਇਕ ਹੋਰ ਹੂਰ ਨਿਕਲ ਆਈ।

[ਸਤਵੰਤ ਦੋਹਾਂ ਗੁੰਡਿਆਂ ਨੂੰ ਜ਼ਖਮੀ ਕਰ ਕੇ ਬਿਮਲਾ ਨੂੰ ਛੁਡਾ ਲੈਂਦੀ ਹੈ। ਬਿਮਲਾ ਵੀ ਦਲੇਰ ਹੋ ਜਾਂਦੀ ਹੈ।]

ਸਤਵੰਤ

ਤੁਸੀਂ ਮੇਰੇ ਪਤੀ ਨੂੰ ਅੱਗ ਵਿਚ ਸਾੜਿਆ, ਭੈਣ ਬਿਮਲਾ ਦੇ ਖਾਵੰਦ ਨੂੰ ਮਾਰਿਆ ਏ, ਤੁਸੀਂ ਨੌਹਾਂ ਨਾਲੋਂ ਮਾਸ ਤੋੜਨ ਦੀ ਕਮੀਨੀ ਹਰਕਤ ਕੀਤੀ ਏ। ਮੈਂ ਵੀ ਜ਼ਾਲਮੋ

ਤੁਹਾਨੂੰ ਉਸੇ ਅੱਗ ਵਿਚ ਸਾੜਾਂਗੀ।

[ਦੋਵੇਂ ਪਿਠ ਨਾਲ ਪਿਠ ਜੋੜ ਕੇ ਪੂਰਾ ਮੁਕਾਬਲਾ ਕਰਦੀਆਂ ਹਨ। ]

ਕੜਕਵੀਂ ਆਵਾਜ਼

ਕੋਈ ਇਟ ਵੱਟਾ ਨਾ ਮਾਰੇ। ਹੂਰਾਂ ਜਿੰਦਾ ਫੜ ਕੇ ਮਾਰਣੀਆਂ।

[ ਦੋ ਤਿੰਨ ਗੁੰਡੇ ਉਨ੍ਹਾਂ ਨੂੰ ਕਾਬੂ ਕਰਨ ਲਈ ਅੱਗੇ ਵਧਦੇ ਹਨ। ਸਤਵੰਤ ਡਟਕੇ ਮੁਕਾਬਲਾ ਕਰਦੀ ਹੈ। ਦੋਹਾਂ ਤਿੰਨਾਂ ਦੇ ਆਹੂ ਲਾਹ ਦਿੰਦੀ ਹੈ। ਜਦੋਂ ਕੋਈ ਪੇਸ਼ ਨਹੀਂ ਜਾਂਦੀ ਤਾਂ ਗੁੰਡੇ ਗੁੱਸੇ ਨਾਲ ਇੱਟਾਂ ਵੱਟੇ ਮਾਰਨੇ ਸ਼ੁਰੂ ਕਰਦੇ ਹਨ। ਦੋਹਾਂ ਦੇ ਸਿਰ ਸੱਟਾਂ ਮਾਰ ਕੇ ਡੇਗ ਲੈਂਦੇ ਹਨ। ਬੜੀ ਬੇਰਹਿਮੀ ਨਾਲ ਸਤਵੰਤ ਨੂੰ ਘੜੀਸ ਕੇ ਸੁੰਦਰ ਸਿੰਘ ਦੀ ਸੜਦੀ ਲਾਸ਼ ਉਤੇ ਸੁਟ ਦਿੰਦੇ ਹਨ। ਲਹੂ ਲੁਹਾਨ ਬਿਮਲਾ ਸੋਹਣ ਦੀ ਦੇਹ ਨਾਲ ਚੰਮੜ ਜਾਂਦੀ ਹੈ।]

[ ਮਾਤਾ ਧਾਹਾਂ ਮਾਰਦੀ ਅੰਦਰੋਂ ਨਿਕਲਦੀ ਹੈ। ]

ਮਾਤਾ

ਜ਼ਾਲਮੋ, ਕਸਾਈਓ, ਪਾਪੀਓ, ਤੁਸੀਂ ਆਪਣੇ ਭੈਣ ਭਰਾ ਨੂੰ ਵੀ ਨਹੀਂ ਬਖਸ਼ਿਆ। ਤੁਹਾਡੇ ਪਾਪਾਂ ਦਾ ਬੇੜਾ ਭਰ ਕੇ ਡੁੱਬੇਗਾ। ਤੁਸੀਂ ਨਿਰਦੋਸ਼ਾਂ ਦਾ ਨਹੱਕ ਖੂਨ ਕੀਤਾ ਏ। ਤੁਹਾਡਾ ਕਖ ਨਾ ਰਹੇ ਹੈਂਸਿਆਰਿਓ, ਪਾਪੀਓ!

[ ਪਿਟਦੀ ਹੈ ਅਤੇ ਵੈਣ ਪਾਉਣ ਲਗ ਜਾਂਦੀ ਹੈ। ]

ਉੱਚੀ ਆਵਾਜ਼

ਬੁੱਢੀ ਫਾਫਾਂ ਦਾ ਮੂੰਹ ਬੰਦ ਕਰੋ।

ਦੂਜੀ ਆਵਾਜ਼

ਦਰਵਾਜ਼ਾ ਤੋੜੋ, ਘਰ ਲੁੱਟੋ, ਫੇਰ ਅੱਗ ਲਾ ਕੇ ਫੂਕ ਦਿਓ।

[ਮਾਤਾ ਝਟ ਪਟ ਉਠ ਕੇ ਬੂਹੇ ਅੱਗੇ ਖੜੋ ਜਾਂਦੀ ਹੈ। ]

ਇਕ ਗੁੰਡਾ

ਬੁੱਢੀਏ, ਹਟ ਜਾਹ ਇਕ ਪਾਸੇ। ਤੂੰ ਇਕ ਥੱਪੜ ਦੀ ਮਾਰ ਨਹੀਂ।



ਮਾਤਾ

ਬੁਚੜੋ, ਤੁਹਾਨੂੰ ਸਤਰ ਸਾਲਾਂ ਦੀ ਮਾਂ ਦਾ ਵੀ ਲਿਹਾਜ਼ ਨਹੀਂ।

ਦੂਜਾ ਗੁੰਡਾ

ਨਹੀਂ! ਜਿਹੜਾ ਸਾਡਾ ਰਾਹ ਰੋਕਦੈ, ਉਹ ਸਾਡਾ ਦੁਸ਼ਮਨ ਹੈ। ਭਾਵੇਂ ਉਹ ਬਜ਼ੁਰਗ ਸੌ ਸਾਲਾਂ ਦਾ ਵੀ ਕਿਉਂ ਨਾ ਹੋਵੇ।

[ ਦੂਜਾ ਗੁੰਡਾ ਮਾਤਾ ਸਿਰ ਸੋਟਾ ਮਾਰ ਕੇ ਇਕ ਪਾਸੇ ਨੂੰ ਸੁਟ ਦਿੰਦਾ ਹੈ। ਪਹਿਲਾ ਗੁੰਡਾ ਬੂਹੇ ਨੂੰ ਜ਼ੋਰ ਜ਼ੋਰ ਨਾਲ ਧੱਕੇ ਮਾਰਦਾ ਹੈ।]

ਪਹਿਲਾ

ਬੂਹਾ ਅੰਦਰੋਂ ਬੰਦ ਹੈ। ਜ਼ਰੂਰ ਹੋਰ ਗ਼ਦਾਰ ਅੰਦਰ ਲੁਕੇ ਹੋਏ ਐ। ਅੱਗ ਲਾਓ, ਸਭ ਨੂੰ ਝੁਲਸ ਦਿਉ।

[ ਜਲਦੀਆਂ ਮਸ਼ਾਲਾਂ ਵਾਲੇ ਦੋ ਬੰਦੇ ਅੱਗੇ ਵਧਦੇ ਹਨ। ]

ਇਕ ਸਿਆਣਾ

ਠਹਿਰੋ, ਲੁਟ ਮਾਰ ਕਰਨ ਪਿਛੋਂ ਅੱਗ ਲਾਵਾਂਗੇ।

[ ਅੰਦਰ ਦੋਵੇਂ ਬੱਚੇ ਦਰਵਾਜ਼ੇ ਕੋਲ ਖੜੇ ਹਨ। ]

ਸਨੀ

ਟੋਨੀ ਡਰੀਂ ਨਾ। ਦਾਦੀ ਕਹਿੰਦੀ ਸੀ, ਸਾਹਬਜ਼ਾਦਿਆਂ ਵਾਂਗ ਸ਼ਹੀਦ ਹੋਇਓ।

ਟੋਨੀ

ਸ਼ਹੀਦ ਕੌਣ ਹੁੰਦੇ?

ਸਨੀ

ਜਿਹੜਾ ਧਰਮ ਖਾਤਰ ਖੁਸ਼ੀ ਖੁਸ਼ੀ ਜਾਨ ਦਿੰਦੇ।

ਟੋਨੀ

ਮੈਨੂੰ ਤੇਰੇ ਕੋਲ ਖੜੇ ਕੇ ਡਰ ਨਹੀਂ ਲਗਦਾ।

ਸਨੀ

ਸ਼ਾਬਾਸ਼! ਬਹਾਦਰ ਵੀਰ! ਤੇਰੇ ਮੰਮੀ ਡੈਡੀ ਵੀ ਲੜ ਕੇ ਮਰੇ ਨੇ। ਆਪਾਂ ਵੀ ਹੁਣ ਤਿਆਰ ਹੋਈਏ।

ਟੋਨੀ

ਜਿੱਦਾਂ ਤੂੰ ਕਰੇਂਗਾ, ਮੈਂ ਮਗਰ ਲਗਾਂਗਾ।

ਸਨੀ

ਡਰਨਾ ਨਹੀਂ, ਅਸਾਂ ਨਿਕਲ ਕੇ ਜੈਕਾਰੇ ਬੋਲਣੇ ਐਂ।

ਟੋਨੀ

ਬੂਹੇ ਨੂੰ ਅਗ ਲਾ ਦਿਤੀ ਐ, ਹੁਣ।

ਸਨੀ

ਹੁਣ ਆਪਾਂ ਅੱਖਾਂ ਬੰਦ ਕਰ ਕੇ ਸ਼ਬਦ ਪੜ੍ਹਾਂਗੇ।

ਟੋਨੀ

ਉਹ ਜੇਹੜਾ ਦਾਦੀ ਨੇ ਯਾਦ ਕਰਾਇਐ।

ਸਨੀ

ਹਾਂ ਉਹੋ ! ਤੂੰ ਅੱਖਾਂ ਬੰਦ ਕਰ, ਗਾਈਏ।

[ਦੋਵੇਂ ਅੱਖਾਂ ਬੰਦ ਕਰ ਕੇ ਸ਼ਬਦ ਗਾਉਂਦੇ ਹਨ।]

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ।......

ਪਹਿਲਾ ਫਸਾਦੀ

ਉਹ ਕੌਣ ਅੱਗ ਬੁਝਾ ਰਿਹੈ ?

ਦੂਜਾ

ਸਿੰਧੀ ਬਾਬਾ ਲਗਦੈ।

ਪਹਿਲਾ

ਬੁਢਿਆ ਖੋਢਿਆ, ਕਿਆ ਕਰ ਰਿਹੈਂ ?

ਬਾਬਾ

ਦਿਸਦਾ ਨਹੀਂ, ਅੱਗ ਬੁਝਾ ਰਿਹਾਂ।

ਦੂਜਾ

ਪਾਗਲ ਬੁੱਢੇ, ਅਸੀਂ ਅੱਗ ਲਾ ਰਹੇ ਹਾਂ, ਤੂੰ ਬੁਝਾ ਰਿਹੈਂ।

ਬਾਬਾ

ਹਾਂ। ਮੈਂ ਗੁਰੂ ਦਾ ਹੁਕਮ ਬਜਾ ਲਿਆ ਰਿਹਾਂ।

ਪਹਿਲਾ

ਕਿਹੜੇ ਗੁਰੂ ਦਾ ?

ਬਾਬਾ

ਬਾਬੇ ਨਾਨਕ ਦਾ, ਸਰਬੱਤ ਦਾ ਭਲਾ ਚਾਹੁਣ ਵਾਲੇ ਜਗਤ ਗੁਰੂ ਦਾ।

ਦੂਜਾ

ਮਾਰੋ ਏਸ ਪਾਗਲ ਬੁਢੜੇ ਨੂੰ। ਲੱਗੇ ਅੱਗ ਬੁਝਾਉਣ।

ਬਾਬਾ

ਮੂਰਖੋ, ਪਤੈ ਤੁਸੀਂ ਕੀ ਕਰ ਰਹੇ ਹੋ। ਜਿਹੜੀ ਅੱਗ ਤੁਸੀਂ ਸਿੱਖਾਂ ਦੇ ਦਿਲਾਂ ਵਿਚ ਬਾਲ



ਰਹੇ ਓ, ਉਹ ਸਾਰੇ ਦੇਸ਼ ਨੂੰ ਭਸਮ ਕਰ ਕੇ ਬੁਝੇਗੀ।

[ਦੂਜਾ ਗੁੰਡਾ ਉਸ ਦੇ ਸਿਰ ਵਿਚ ਸਲਾਖ ਮਾਰ ਕੇ ਭੁੰਜੇ ਸੁਟ ਦਿੰਦਾ ਹੈ।
ਥੋੜੀ ਦੂਰ ਨਗਰ ਏਕਤਾ ਮੰਚ ਦਾ ਜਲੂਸ ਨਾਅਰੇ ਮਾਰਦਾ ਸੁਣਾਈ ਦਿੰਦਾ ਹੈ :

"ਹਿੰਦੂ ਸਿਖ ਭਾਈ ਭਾਈ !
ਦੰਗਾਕਾਰੀ,
ਦੇਸ਼ ਦੇ ਦੁਸ਼ਮਨ !

[ਭਾਰੀ ਜਲੂਸ ਨੇੜੇ ਆਉਂਦਾ ਦੇਖ ਕੇ ਫਸਾਦੀ ਖਿਸਕਣੇ ਸ਼ੁਰੂ ਹੁੰਦੇ ਹਨ। ਭੀੜ ਵਿਚੋਂ ਨਿਕਲ ਕੇ ਇਕ ਸਿਆਣਾ ਪੁਰਸ਼ ਉੱਚੀ ਥਾਂ ਤੇ ਖੜਾ ਹੋ ਜਾਂਦਾ ਹੈ।]

ਮੰਚ ਸੇਵਕ

ਖੜੇ ਕੀ ਦੇਖਦੇ ਓ, ਸਭ ਹਥ ਪੈਰ ਹਲਾਓ, ਅੱਗ ਬੁਝਾਓ। ਬਾਲਟੀਆਂ ਖੋਹ ਖਿਚ ਕੇ ਲਿਆਓ, ਛੇਤੀ ਕਰੋ।

[ਕੁਝ ਕੁ ਖੜੇ ਦੰਗਾਕਾਰੀਆਂ ਨੂੰ ਸੰਬੋਧਿਤ ਹੁੰਦਾ ਹੋਇਆ।]

ਗੁੰਮਰਾਹ ਹੋਏ ਦੋਸਤੋ, ਤੁਹਾਨੂੰ ਪਤੈ ਤੁਸੀਂ ਕੀ ਉਪੱਦਰ ਕਰ ਰਹੇ ਓ ?

ਆਵਾਜ਼

ਅਸੀਂ ਦੇਸ-ਧਰੋਹੀਆਂ ਨੂੰ ਖਤਮ ਕਰ ਰਹੇ ਆਂ।

ਮੰਚ ਸੇਵਕ

ਮੂਰਖੋ, ਦੇਸ ਨਾਲ ਧਰੋਹ ਤੁਸੀਂ ਕਮਾ ਰਹੇ ਓ। ਤੁਸੀਂ ਇਤਿਹਾਸਕ ਵਿਰਸੇ ਤੋਂ ਅਨਗਹਿਲ ਹੋ, ਮੁਲਕ ਦੇ ਭਵਿਖ ਤੋਂ ਬੇਖ਼ਬਰ ਹੋ।

ਆਵਾਜ਼

(ਉੱਚੀ) ਸਰਦਾਰ ਦੇਸ ਦੇ ਗੱਦਾਰ ਨੇ।

ਮੰਚ ਸੇਵਕ

ਸਰਾਸਰ ਗ਼ਲਤ ਹੈ। ਸਿੱਖ ਬਾਗੀ ਹੋ ਸਕਦੈ, ਗ਼ੱਦਾਰ ਹਰਗਿਜ਼ ਨਹੀਂ ਹੋ ਸਕਦਾ।
ਸਿੱਖਾਂ ਨੇ ਮੁਗਲ ਰਾਜ ਦਾ ਲਕ ਤੋੜਿਆ,
ਆਜ਼ਾਦੀ ਦੀ ਜੰਗ ਵਿਚ ਫਰੰਗੀਆਂ ਨਾਲ ਲੋਹਾ ਲਿਆ,
ਦੇਸ ਖਾਤਰ ਸਭ ਤੋਂ ਵਧ ਖੂਨ ਡੋਲ੍ਹਿਆ,
ਇਨ੍ਹਾਂ ਨੂੰ ਵਤਨ ਦੀ ਮਿੱਟੀ ਨਾਲ ਸਭ ਤੋਂ ਵਧ ਮੋਹ ਹੈ।

ਇਹ ਮਿੱਟੀ ਚੋਂ ਸੋਨਾ ਉਗਾ ਰਹੇ ਨੇ,
ਮੁਲਕ ਨੂੰ ਪਾਲ ਰਹੇ ਨੇ।

ਆਵਾਜ਼

ਅਸੀਂ ਮੁਲਕ ਚੋਂ ਇਨ੍ਹਾਂ ਦਾ ਸਫਾਇਆ ਕਰ ਕੇ ਛੱਡਾਂਗੇ।

ਮੰਚ ਸੇਵਕ

ਹੁੱਲੜ ਬਾਜ਼ੋ, ਤੁਸੀਂ ਇਨ੍ਹਾਂ ਨੂੰ ਜ਼ੋਰ ਜ਼ੁਲਮ ਨਾਲ ਨਹੀਂ ਧਮਕਾ ਸਕਦੇ। ਇਹ ਲੋਕ ਦੇਸ਼ ਖਾਤਰ ਹਸਦੇ ਹਸਦੇ ਫਾਂਸੀਆਂ ਦੇ ਰੱਸੇ ਚੁੰਮ ਸਕਦੇ ਨੇ, ਟੁਟ ਸਕਦੇ ਨੇ, ਪਰ ਝੁਕ ਨਹੀਂ ਸਕਦੇ। (ਆਲੇ ਦੁਆਲੇ ਦੇਖ ਕੇ) ਸਾਰੇ ਫਸਾਦੀ ਨਸ ਗਏ ਨੇ। ਅਗ ਬੁਝ ਰਹੀ ਹੈ। ਕੁੰਡਾ ਖੜਕਾਓ।

ਮੰਚ ਸੇਵਕ

(ਬੂਹੇ ਲ ਗੇ ਜਾ ਕੇ) ਅੰਦਰ ਕੌਣ ਹੈ ? ਝਟ ਪਟ ਕੁੰਡਾ ਖੋਲ੍ਹੋ। ਅਸੀਂ ਤੁਹਾਡੇ ਦੋਸਤ ਹਾਂ, ਤੁਹਾਨੂੰ ਬਚਾਉਣ ਆਏ ਹਾਂ। ਫਸਾਦੀ ਗੁੰਡੇ ਭਜ ਗਏ ਨੇ।

[ਕੁੰਡਾ ਖੁਲ੍ਹਦਾ ਹੈ। ਦੋਵੇਂ ਬੱਚੇ ਅਡੋਲ ਖੜੇ ਦਿਸਦੇ ਹਨ !]

ਮੰਚ ਸੇਵਕ

ਹੈਂ ! ਇਹ ਕੀ ਅਨਰਥ ਹੋਣ ਲੱਗਾ ਸੀ !
ਇਨ੍ਹਾਂ ਫੁੱਲਾਂ ਨੂੰ ਸਾੜਨ ਲੱਗੇ ਸੀ !
ਇਕ ਹੋਰ ਫਤਹਿਗੜ੍ਹ ਬਣਾਉਣ ਲੱਗੇ ਸੀ।
ਸ਼ੁਕਰ ਹੈ ਬਚਾ ਹੋ ਗਿਆ।
ਬਚਿਓ, ਤੁਹਾਡੇ ਮੰਮੀ ਡੈਡੀ ਕਿਥੇ ਨੇ ?

ਸਨੀ

(ਇਸ਼ਾਰੇ ਨਾਲ) ਉਧਰ ਦੇਖੋ।

ਮੰਚ ਸੇਵਕ

ਹੈਂ ! ਐਨਾ ਕਹਿਰ !! ਐਨਾ ਜ਼ੁਲਮ !!!

[ਰੰਗ ਮੰਚ ਉਤੇ ਖੜੇ ਸਭ ਬੰਦੇ ਮੁਰਦਾ ਜਾਂ ਸੜਦੀਆਂ ਲਾਸ਼ਾਂ ਵਲ ਦੇਖ ਕੇ ਬੁਤ (ਫਰੀਜ਼) ਬਣ ਜਾਂਦੇ ਹਨ। ਪਿਛੋਕੜ ਵਿਚੋਂ ਗ਼ਮਗੀਨ ਸੁਰ ਵਿਚ ਗਾਇਨ :


ਇਹ ਕੀ ਕਹਿਰ ਵਰਤਿਆ
ਕਿਉਂ ਅਣਹੋਣੀ ਹੋਈ।
ਜ਼ੋਰ ਜ਼ੁਲਮ ਨੂੰ ਦੇਖ ਕੇ



ਕਣ ਕਣ ਮਿੱਟੀ ਰੋਈ।
ਅੰਬਰ ਕਾਲਾ ਹੋ ਗਿਆ
ਦਰਦਮੰਦਾਂ ਦੀਆਂ ਆਹੀਂ।
ਵਾੜ ਖੇਤ ਨੂੰ ਖਾ ਗਈ
ਸੌਂਤਾ ਸੁਰਤ ਗੁਆਈ।
ਮਾਨਵ ਗੁਣਾਂ ਨੂੰ ਤਜ ਕੇ
ਬਣ ਗਏ ਕਸਾਈ।
ਓ ਦੇਸ ਦੇ ਦਰਦੀਓ
ਝਟ ਅੱਗ ਬੁਝਾਓ !
ਘਰ ਨੂੰ ਰਾਖ ਕਰ ਦੇਏਗੀ
ਜੇ ਨਾ ਝਬ ਬੁਝਾਈ।

[ਪਰਦਾ ਡਿਗਦਾ ਹੈ। ਪਿਛੋਕੜ ਤੋਂ ਫਾਇਰ ਬ੍ਰੀਗੇਡ ਦੀ ਤਿੱਖੀ ਆਵਾਜ਼ ਸੁਣਾਈ ਦਿੰਦੀ ਰਹਿੰਦੀ ਹੈ।]

# ਤਾਰਾ ਚੜ੍ਹਿਆ ਲੋਆ



## ਪਾਤਰ

(ਪ੍ਰਵੇਸ਼ ਕ੍ਰਮ ਅਨੁਸਾਰ)

ਰਾਧਾਂ

ਧੰਨੋ

ਪਾਸ਼ੋ

ਨੱਥੂ ਚੌਕੀਦਾਰ

ਬੰਤਾ

ਸੁਰਜਨ

ਮਿਹਰੂ

ਰੂੜਾ

ਗੁੰਥੀ

ਸਿਪਾਹੀ 1

ਸਿਪਾਹੀ 2

ਤਾਰਾ ਚੜਿਆ ਲੰਮਾ
ਕਿਉ ਨਦਰਿ ਨਿਹਾਲਿਆ ਰਾਮ ॥
(ਤੁਖਾਰੀ ਮਹਲਾ ੧)

ਸਥਾਨ : ਪੰਜਾਬ ਦਾ ਇਕ ਪਿੰਡ
ਸਮਾਂ : ਵਰਤਮਾਨ
ਵਕਤ : ਅੱਧੀ ਰਾਤ ਤੋਂ ਬਾਅਦ

### ਦ੍ਰਿਸ਼ ਪਹਿਲਾ

#### ਮੰਚ ਦ੍ਰਿਸ਼

ਪਿੰਡ ਦੇ ਸਰਪੰਚ ਦਾ ਵਿਸ਼ਾਲ ਵਿਹੜਾ ਜੋ ਰੰਗ ਬਰੰਗੀਆਂ ਝੰਡੀਆਂ ਨਾਲ ਖੂਬ ਸਜਿਆ ਹੋਇਆ ਹੈ। ਕੇਲੇ ਅਤੇ ਅੰਬ ਦੇ ਪਤਿਆਂ ਦੇ ਬਣੇ ਉਚੇਰੇ ਗੇਟ ਉਤੇ ਸੁਫੈਦ ਕਪੜੇ 'ਤੇ ਲਾਲ ਰੰਗ ਨਾਲ "ਜੀ ਆਇਆਂ ਨੂੰ" ਲਿਖਿਆ ਹੋਇਆ ਹੈ।

ਪਰਦਾ ਉਠਣ ਸਮੇਂ ਘਰ ਵਿਚ ਖੁਸ਼ੀ ਦਾ ਮਾਹੌਲ ਹੈ। ਬਰਾਤ ਤੋਂ ਮੁੜੇ ਜਾਂਞੀ, ਰਿਸ਼ਤੇਦਾਰ ਅਤੇ ਘਰ ਦੇ ਬੰਦੇ ਨਸ਼ੇ ਵਿਚ ਚੂਰ ਦਿਸਦੇ ਹਨ। ਕੁਝ ਮਨਚਲੇ ਨੌਜਵਾਨ ਖੇਥਵਾ ਭੰਗੜਾ ਪਾਦੇ ਖਰੂਦ ਕਰ ਰਹੇ ਹਨ। ਲਾੜਾ ਵੀ ਉਹਨਾਂ ਵਿਚਕਾਰ ਘਿਰਿਆ ਬੈਠਾ ਹੈ। ਵਿਹੜੇ ਦੇ ਦੂਜੇ ਪਾਸੇ ਜ਼ਨਾਨੀਆਂ ਵਖ ਨਵੀਂ ਵਹੁਟੀ ਦੁਆਲੇ ਘੇਰਾ ਪਾਈ ਖੜੀਆਂ ਜਾਂ ਬੈਠੀਆਂ ਹਨ। ਕੁੜ ਕੁੜੀਆਂ ਹਾਸਾ ਮਖੌਲ ਕਰ ਰਹੀਆਂ ਹਨ।

ਵਕਤ ਭਾਵੇਂ ਅਧੀ ਰਾਤ ਤੋਂ ਬਾਅਦ ਦਾ ਹੋ ਚੁੱਕਾ ਹੈ ਪਰ ਵਿਹੜੇ ਵਿਚ ਇਕ ਭਾਂਤ ਦਿਨ ਚੜ੍ਹਿਆ ਹੋਇਆ ਹੈ। ਝੀਰਾਂ ਦੇ ਮੁੰਡੇ ਪਲੇਟਾਂ ਵਿਚ ਮੀਟ, ਮਛੀ ਅਤੇ ਪਨੀਰ ਦੇ ਪਕੌੜੇ ਪਾ ਕੇ ਲਈ ਫਿਰਦੇ ਹਨ।

ਨੋਟ : **ਮੰਚ ਸਜਾ ਲਈ ਕੁਝ ਸੁਝਾਅ**- ਦੋ ਵਖੋ ਵਖ ਭਾਂਤ ਦੇ ਦ੍ਰਿਸ਼ਾਂ ਲਈ ਰੰਗ ਮੰਚ ਨੂੰ ਦੋ ਹਿਸਿਆਂ ਵਿਚ ਜੇ ਵੰਡਿਆ ਜਾਵੇ ਤਾਂ ਸੌਖ ਰਹੇਗੀ। ਸੱਜੇ ਪਾਸੇ ਇਕ ਗਲੀ ਵਿਚ ਸਾਧਾਰਣ ਕਿਸਾਨ ਘਰ ਦਾ ਘਸਮੈਲਾ ਜਿਹਾ ਬੂਹਾ। ਚਿੰਨ ਮਾਤਰ ਸੁੱਕੇ ਹੋਏ ਦ੍ਰਖ਼ਤ ਦਾ ਆਕਾਰ । ਕੰਧ ਤੇ ਮਿੱਟੀ ਦਾ ਪੌਦਾ ਹੋਵੇ ਤਾਂ ਬਿਹਤਰ ਹੈ।

ਖੱਬੇ ਪਾਸੇ ਦੀ ਸੈਟਿੰਗ ਸ਼ੋਖ ਪ੍ਰਭਾਵ ਪਾਣ ਵਾਲੀ ਹੋਵੇ। ਗੂਹੜੇ ਰੰਗ ਦਾ ਸ਼ਾਮਿਆਨਾ ਅਤੇ ਕਨਾਤਾਂ ਤੋਂ ਵੀ ਖ਼ੁਸ਼ੀ ਦਾ ਸੰਕੇਤ ਪ੍ਰਗਟ ਹੋਵੇ।

ਗ਼ਮੀ ਤੇ ਖ਼ੁਸ਼ੀ ਦਾ ਪ੍ਰਭਾਵ ਪੈਦਾ ਕਰਨ ਲਈ ਸਾਜ਼ਾਂ ਤੋਂ ਸੰਗੀਤ ਦੀ ਯੋਗ ਸਹਾਇਤਾ ਲਈ ਜਾ ਸਕਦੀ ਹੈ।



## ਦ੍ਰਿਸ਼ ਦੂਜਾ

ਵਿਆਹ ਘਰ ਦੇ ਖ਼ੁਸ਼ੀ ਭਰੇ ਮਾਹੌਲ ਤੋਂ ਉਲਟ ਦੂਜੇ ਪਾਸੇ ਅਤੀ ਗ਼ਮਗੀਨ ਵਾਤਾਵਰਣ ਹੈ। ਇਕ ਗ਼ਰੀਬ ਕਿਸਾਨ ਦੇ ਬੂਹੇ ਅੱਗੇ ਦੋ ਅਧਖੜ ਉਮਰ ਦੀਆਂ ਔਰਤਾਂ ਫ਼ਿਕਰਾਂ ਵਿਚ ਡੁੱਬੀਆਂ ਖੜੀਆਂ ਹਨ। ਉਹਨਾਂ ਦੀਆਂ ਅੱਖਾਂ ਹਨ੍ਹੇਰੇ ਨੂੰ ਘੂਰ ਘੂਰ ਕੇ ਥਕ ਗਈਆਂ ਹਨ। ਕੰਨ ਕਿਸੇ ਜਾਣੀਆਂ ਪਛਾਣੀਆਂ ਖਿੜਕਾ ਸੁਣਨ ਲਈ ਚੌਕੰਨੇ ਹਨ।

ਰਾਧਾਂ

ਧੰਨੋ ਭੈਣ, (ਮੁੱਢੇ ਤੇ ਹਥ ਰਖ ਕੇ) ਮੇਰਾ ਤਾਂ ਜਾਣੀਦਾ ਲਕ ਟੁਟ ਗਿਐ। ਸਰੀਰ 'ਚ ਸਤਿਆ ਹੀ ਨਹੀਂ ਰਹੀ।

ਧੰਨੋ

ਹੌਸਲਾ ਨਾ ਹਾਰ ਰਾਧਾਂ, ਤਕੜੀ ਹੋ। ਉਨ੍ਹਾਂ ਨਿਕਰਮੀਆਂ ਮਾਮਾਂ ਅਲ ਧਿਆਨ ਮਾਰ, ਜਿਨ੍ਹਾਂ ਦਾ ਇਕ ਵੀ ਜੀ ਨਹੀਂ ਬਚਿਆ।

ਰਾਧਾਂ

ਭੈਣੇ, ਮੈਂ ਕੀ ਕਰਾਂ, (ਰੋਂਦੀ ਹੋਈ) ਯਾਦਾਂ ਭੁਲਾਇਆਂ ਨਹੀਂ ਭੁਲਦੀਆਂ। ਮੈਂ ਲਖ ਤਰਲੇ ਕੀਤੇ, ਵਾਸਤੇ ਪਾਏ, ਹਥ ਜੋੜੇ, ਹਾੜੇ ਕੱਢੇ, ਪਈ ਉਨ੍ਹਾਂ ਦੀ ਥਾਂ ਮੈਨੂੰ ਗੋਲੀ ਮਾਰੋ, ਜ਼ਾਲਮਾਂ ਨੇ ਇਕ ਨਾ ਮੰਨੀ। ਮੈਂ ਉਨ੍ਹਾਂ ਅੱਗੇ ਹੋ ਗਈ, ਬੇਦਰਦਾਂ ਨੇ ਮੈਨੂੰ ਧੂਹ ਕੇ ਇਕ ਪਾਸੇ ਸੁਟ ਦਿੱਤਾ, ਠਾਹ ਠਾਹ ਗੋਲੀਆਂ ਵਰ੍ਹਾਈਆਂ। ਹਾਏ! ਮੇਰੀਆਂ ਅੱਖਾਂ ਸਾਹਮਣੇ ਮਾਰ ਕੇ ਸੁਟ ਗਏ। ਉਨ੍ਹਾਂ ਦੀਆਂ ਅਖ਼ੀਰੀ ਕੂਕਾਂ ਦਿਨ ਰਾਤ ਮੇਰੇ ਕੰਨਾਂ 'ਚ ਗੂੰਜਦੀਐਂ।

ਧੰਨੋ

ਫੇਰ ਕੀ ਹੋਇਆ?

ਰਾਧਾਂ

ਰੋ ਪਿਟ ਕੇ ਅਧਮੋਈ ਪਈ ਰਹੀ। ਖੌਰੇ ਕਦੋਂ ਬਚਨੀ ਨੇ ਮੇਰੇ ਮੂੰਹ 'ਚ ਪਾਣੀ ਪਾਇਆ।

ਧੰਨੋ

ਰਾਧਾਂ, ਰੱਬ ਦਾ ਸ਼ੁਕਰ ਕਰ, ਤੇਰਾ ਮੁੰਡਾ ਹੁਸ਼ਿਆਰ ਨਿਕਲਿਆ, ਭੜੋਲੀ 'ਚ ਲੁਕ ਕੇ ਬਚ ਗਿਆ।

ਰਾਧਾਂ

ਉਹ ਤਾਂ ਠੀਕ ਏ ਧੰਨੋ ਭੈਣੇ, ਪਰ ਜੋ ਕਹਿਰ ਮੇਰੇ ਨਾਲ ਵਰਤਿਆ ਕਿਸੇ ਨਾਲ ਨਹੀਂ ਵਾਪਰਿਆ ਹੋਣਾ।

ਧੰਨੋ

ਰਾਧਾਂ, ਨ ਉਚੇੜ ਮੇਰੇ ਅੱਲ੍ਹੇ ਜ਼ਖਮ। ਇਹ ਤਾਂ ਕੁਝ ਵੀ ਨਹੀਂ ਜੋ ਦਿੱਲੀ 'ਚ ਸਾਡੇ ਲੋਕਾਂ ਨਾਲ ਜ਼ੁਲਮ ਹੋਇਆ। ਗੁੰਡਿਆਂ ਨੇ ਟੱਬਰ ਦੇ ਚਾਰੇ ਜੀਆਂ ਨੂੰ ਕਸਾਈਆਂ ਆਂਗ ਕੋਹ ਕੋਹ ਕੇ ਮਾਰਿਆ। ਰੋਂਦਿਆਂ ਕੁਰਲਾਂਦਿਆਂ ਨੂੰ ਪਟਰੋਲ ਪਾ ਕੇ ਸਾੜਿਆ। ਤੜਫਦਿਆਂ ਕਰਾਂਹਦਿਆਂ ਨੂੰ ਦੇਖ ਕੇ ਵਹਿਸ਼ੀ ਹਸਦੇ ਸਨ, ਨਚਦੇ ਤੇ ਭੰਗੜਾ ਪਾਂਦੇ ਸਨ। ਮੁੰਡੇ ਖੌਰੇ ਕਿੱਦਾਂ ਸਾਹ ਅਟਕੇ ਰਹਿ ਗਏ। ਉਹ ਜ਼ੁਲਮ ਭਰੀ ਰਾਤੀ ਯਾਦ ਕਰ ਕੇ ਹੁਣ ਵੀ ਕਾਲਜਾ ਮੂੰਹ ਨੂੰ ਔਂਦੈ।

(ਗ਼ਮਗੀਨ ਹੋਰ)

ਰਾਧਾਂ

ਧੰਨੋ ਭੈਣ, ਤੇਰੀਆਂ ਗੱਲਾਂ ਸੁਣ ਕੇ ਈ ਮਨ ਨੂੰ ਠਲ੍ਹ ਪੈਂਦੇ।

ਧੰਨੋ

ਰਾਧਾਂ ਇਨ੍ਹਾਂ ਲਾਲਾਂ ਖਾਤਰ ਈ ਜੀਂਦੀਆਂ ਹਾਂ।

ਰਾਧਾਂ

ਤੱਤੀ ਵਾ ਨਾ ਲੱਗੇ ਇਨ੍ਹਾਂ ਬਚੜਿਆ ਨੂੰ !

ਪਾਸ਼ੋ

ਹੈਂ ਤਾਈ ! ਤੁਸੀਂ ਐਥੇ ਈ ਖੜੀਆਂ ! ਸਾਰਾ ਪਿੰਡ ਸਰਪੰਚ ਦੇ ਵਿਹੜੇ 'ਚ ਕੱਠਾ ਹੋਇਆ ਪਿਐ।

ਧੰਨੋ

ਪਾਸ਼ੋ, ਸਾਡੇ ਚਾਅ ਮਲ੍ਹਾਰ ਸਾਰੇ ਦਿੱਲੀ 'ਚ ਰਹਿ ਗਏ।

ਰਾਧਾਂ

ਕੁੜੀਏ, ਸਾਨੂੰ ਸ਼ਾਦੀਆਂ ਸੁਝਦੀਐਂ। ਮੁੰਡਿਆਂ ਦੀ 'ਡੀਕ ਨੇ ਸਾਡੀ ਸੁਰਤ ਭੁਲਾਈ ਹੋਈ ਏ।

ਪਾਸ਼ੋ

ਹੈਂ ! ਅਜੇ ਤਕ ਆਏ ਨਹੀਂ ?

ਧੰਨੋ

ਆਏ ਹੁੰਦੇ ਤਾਂ ਕਲ ਦੀਆਂ ਥੰਮੀਆਂ ਬਣੀਆਂ ਨਾ ਖੜੀਆਂ ਰਹਿੰਦੀਆਂ।

ਪਾਸ਼ੋ

ਤਾਈ, ਫੇਰ ਤਾਂ ਬਾਲ੍ਹੀ ਫਿਕਰ ਆਲੀ ਗਲ ਐ। ਰੋਜ਼ ਭੈੜੀਆਂ ਤੋਂ ਭੈੜੀਆਂ ਖਬਰਾਂ ਸੁਣਦੀਆਂ ਨੇ।

ਰਾਧਾਂ

ਇਹੋ ਤਾਂ ਫ਼ਿਕਰ ਸਾਨੂੰ ਵਢ ਵਢ ਖਾਂਦੈ।



ਪਾਸ਼ੋ

ਕਿਸੇ ਨੂੰ ਸ਼ਹਿਰ ਭੇਜਣਾ ਸੀ।

ਧੰਨੋ

ਕਿਹਨੂੰ ਭੇਜਦੇ, ਸਾਰਾ ਪਿੰਡ ਤਾਂ ਸਰਪੰਚ ਦੇ ਮੁੰਡੇ ਦੇ ਵਿਆਹ ਦੀ ਖੁਸ਼ੀ ਮਨਾ ਰਿਹੈ।

ਰਾਧਾਂ

ਕੁੜੀਏ, ਕਿਹੜਾ ਲਾਗੀ ਸਾਡੇ ਆਖੇ ਲਗ ਸਕਦੈ।

ਪਾਸ਼ੋ

ਫੇਰ ਵੀ ਤਾਈ, ਜੇ ਤੁਸੀਂ ਘੜੀ ਪਲ ਲਈ ਆ ਜਾਂਦੀਆਂ ਤਾਂ ਧਮੱਚੜ ਦੇਖ ਕੇ ਤਹਾਡਾ ਮਨ ਦੂਜੇ ਪਾਸੇ ਲਗਦਾ।

ਰਾਧਾਂ

ਕੁੜੀਏ, ਜਿਹਦੇ ਅੰਦਰ ਚਿੰਤਾ ਦਾ ਭਾਂਬੜ ਬਲਦਾ ਹੋਵੇ ਉਹਨੂੰ ਹਾਸਿਆਂ ਦਾ ਪਾਣੀ ਨਹੀਂ ਬੁਝਾ ਸਕਦਾ।

ਪਾਸ਼ੋ

ਆਹ ਸੁਣ ਲਓ ਟਾਕਰੇ 'ਚ ਗਿੱਧੇ ਭੰਗੜੇ ਦੀਆਂ ਬੋਲੀਆਂ।

ਕੁੜੀਆਂ

ਮਰੀ ਸੱਸ ਨੇ ਮੱਕੀ ਦਾ ਟੁਕ ਮਾਰਿਆ ਡੋਲੇ ਕੋਲੋਂ ਬਾਂਹ ਭਜ ਗਈ।
ਵੇ ਮੇਰਾ ਸਿਉਨੇ ਦਾ ਕੰਙਣ, ਵਿਚ ਰੁੱਪੇ ਦੀ ਧਾਰੀ
ਲਾੜੇ ਦੀ ਅੰਮਾਂ ਨੀ, ਫਿਰੇ ਹਾਰੀ ਸ਼ਿੰਗਾਰੀ।

ਮੁੰਡੇ

ਸਾਡੇ ਖੇਤਾਂ ਦੇ ਵਿਚ ਲੋਕੋ, ਉੱਗੇ ਸੋਨਾ ਚਾਂਦੀ
ਥਾਂ ਥਾਂ ਮਸਤ ਜਵਾਨੀ ਲੋਕੋ, ਫਿਰਦੀ ਪੈਲਾਂ ਪਾਂਦੀ।
ਮਿੱਟੀ ਦੀ ਮੁੱਠ ਭੰਗੜਾ ਪਾਵੇ, ਅੰਬਰ ਢੋਲ ਵਜਾਵੇ।
ਫੁੰਦੇ ਦਾ ਸਾਹ ਚੁੰਗੀਆਂ ਭਰਦਾ, ਹਿਰਨ ਪਿਆ ਸ਼ਰਮਾਵੇ।

[ ਕੁਝ ਦੇਰ ਤਿੰਨੋਂ ਚੁਪ ਚਾਪ ਖੜੀਆਂ ਸੁਣਦੀਆਂ ਹਨ। ]

ਧੰਨੋ

ਪਾਸ਼ੋ, ਤੂੰ ਰੌਣਕ ਮੇਲਾ ਛਡ ਕੇ ਕਿਉਂ ਆ ਗਈ ?

ਪਾਸ਼ੋ

ਤਾਈ, ਮਾਂ ਕਲ ਦੀ ਢਿੱਲੀ ਮੱਠੀ ਐ।

ਰਾਧਾਂ

ਜਾਹ ਫੇਰ, ਉਹਨੂੰ ਦੇਖ, ਚਿੰਤਾ ਕਰਦੀ ਹੋਵੇਗੀ।

ਪਾਸ਼ੋ

ਅੱਛਾ ਤਾਈ, ਮੈਂ ਹੁਣੇ ਆਈ।

[ ਦੂਰੋਂ ਜੀਪ ਦੀ ਘੂੰ ਘੂੰ ਦੀ ਭਾਰੀ ਆਵਾਜ਼ ! ਫੇਰ ਕੁਤਿਆਂ ਦੇ ਭੌਂਕਣ ਦਾ ਸ਼ੋਰ। ਝਟ ਕੁ ਪਿਛੋਂ ਗੋਲੀ ਚੱਲਣ ਦਾ ਸੰਨਾਟਾ। ਮੋਰ ਬੋਲਦੇ ਹਨ। ਇਕ ਕੁੱਤੇ ਦੇ ਚੀਕਣ ਦੀ ਦਰਦ ਵਿੰਨ੍ਹਵੀ ਆਵਾਜ਼। ]

ਰਾਧਾਂ

ਹਾਏ ! ਕੁੱਤੇ ਨੂੰ ਖੌਰੇ ਕੀਹਨੇ ਗੋਲੀ ਮਾਰੀ ਏ।

ਧੰਨੋ

ਭੈਣੇ, ਅਜ ਕਲ ਤਾਂ ਬੰਦਿਆਂ ਨੂੰ ਵੀ ਕੁਤਿਆਂ ਬਿਲਿਆਂ ਆਂਗ ਮਾਰੀ ਜਾਂਦੇ ਆ।

ਰਾਧਾਂ

ਕੁੱਤੇ ਦਰਵੇਸ਼ ਦੀ ਕੂਕ ਦਰਗਾਹੇ ਪਹੁੰਚਦੀ ਏ।

ਧੰਨੋ

ਪਰ ਨਿਦੋਸ਼ਾਂ ਦੀ ਹਾਲ ਦੁਹਾਈ ਤਾਂ ਰਬ ਵੀ ਨਹੀਂ ਸੁਣਦਾ। ਖੌਰੇ ਬੋਲਾ ਹੋ ਗਿਐ।

ਰਾਧਾਂ

ਏਦਾਂ ਨਾ ਬੋਲ ! ਹੇ ਪਰਮਾਤਮਾ, ਮੇਰਾ ਲਾਲ ਸੁੱਖੀਂ ਸਾਂਦੀਂ ਘਰ ਮੁੜ ਆਵੇ।

ਧੰਨੋ

ਹੇ ਵਾਹਗੁਰੂ, ਤੱਤੀ ਵਾ ਨਾ ਲੱਗੇ ਜਿਗਰ ਦੇ ਟੋਟੇ ਨੂੰ।

[ ਇਕ ਦਮ ਪਿੰਡ ਵਿਚ ਠਾਹ ਠਾਹ ਗੋਲੀਆਂ ਚਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਫੇਰ ਚੀਕ ਚਿਹਾੜਾ, ਕੂਕਾਂ ਪੁਕਾਰਾਂ, ਦੌੜ ਭਜ। ਝਟ ਕੁ ਪਿਛੋਂ ਹਿਰਦੇ ਵੇਦਿਕ ਕੀਰਣੇ। ਵੈਣ ਸੁਣ ਕੇ ਰਾਧਾਂ ਤੇ ਧੰਨੋ ਥਰਥਰ ਕੰਬਦੀਆਂ ਹਨ। ਕਿਸੇ ਦੇ ਨੱਸੇ ਆਉਣ ਦੀ ਆਵਾਜ਼ ਸੁਣ ਕੇ ਬੂਹੇ ਅੰਦਰ ਹੋ ਜਾਂਦੀਆਂ ਹਨ। ਪਿੰਡ ਦਾ ਚੋਕੀਦਾਰ ਨੱਸਾ ਆਉਂਦਾ ਹੈ। ]

ਨੱਥੂ

(ਸਾਹੋ ਸਾਹ) ਮਾਰਤਾ ! ਮਾਰਤਾ !!

ਧੰਨੋ

ਹਾਇਆ ਵੇ ਕਿਹਨੂੰ ?



ਨੱਥੂ

ਸਰਪੰਚ ਦਾ ਸਾਰਾ ਟੱਬਰ !!

ਦੋਵੇਂ

ਹੈਂ ! ਐਨਾ ਕਹਿਰ !!

ਨੱਥੂ

ਰੰਗ 'ਚ ਭੰਗ ਪੈ ਗੀ।

ਧੰਨੋ

ਵੇ ਕੋਈ ਬਚਿਆ ਵੀ ?

ਨੱਥੂ

ਸਵੇਰੇ ਪਤਾ ਲੱਗੂ।

ਰਾਧਾਂ

ਚੰਗਾ ਕੀਤਾ, ਤੂੰ ਨਸ ਆਇਐਂ।

ਨੱਥੂ

ਜਦ ਕੁੱਤੇ ਭੌਂਕੇ, ਗੋਲੀ ਚੱਲੀ, ਮੈਂ ਝਟ ਤਾੜ ਗਿਆ। ਮਨਾ ਨੱਸ ਚਲ, ਖਾੜਕੂ ਸਿੰਘ ਆ ਗਏ।

ਧੰਨੋ

ਸਰਪੰਚ ਨਾਲ ਜ਼ਰੂਰ ਕੋਈ ਲਾਗ ਬਾਜੀ ਹੋਊ।

ਰਾਧਾਂ

ਰਬ ਹੱਥੋਂ ਹਥ ਬਦਲੇ ਲੈਂਦੈ। ਸਾਡਾ ਭੁੱਗਾ ਉਸੇ ਨੇ ਚੋੜ ਕੀਤੈ।

ਧੰਨੋ

ਤੈਨੂੰ ਕੇਹੜਾ ਪੱਕਾ ਪਤੈ, ਸੁਣੀਆਂ ਸੁਣਾਈਆਂ ਹੀ ਗੱਲਾਂ ਕਰਦੀ ਐਂ।

ਰਾਧਾਂ

ਮੈਨੂੰ ਮੁੰਡੇ ਨੇ ਆਪ ਦਸਿਐ।

ਨੱਥੂ

ਉਹ ਵੀ ਦੋਹਾਂ ਧਿਰਾਂ ਦੇ ਮੂੰਹ ਆਇਆ ਹੋਇਆ ਸੀ। ਕਈ ਧਮਕੀਆਂ ਭਰੇ ਪਰਚੇ ਮਿਲੇ।

ਧੰਨੋ

ਕਿਨ੍ਹਾਂ ਵਲੋਂ ?

ਨੱਥੂ

ਖਾੜਕੂ ਮੁੰਡਿਆਂ ਅਲੋਂ, ਅਖੇ ਤੂੰ ਮੁਖਬਰੀ ਕਰਦੈਂ, ਸਰਕਾਰ ਨਾਲ ਰਲਿਆ ਹੋਇਐਂ। ਕੇਂਦਰੀ ਮੰਤਰੀ ਦਾ ਸਬੰਧੀ ਐਂ। ਉਹਨੂੰ ਕੇਹੜੀ ਨੀਂਦ ਆਉਂਦੀ ਸੀ।

ਰਾਧਾਂ

ਵਿਆਹ ਤਾਂ ਬਥੇਰਾ ਗਜ ਵਜ ਕੇ ਕੀਤਾ।

ਨੱਥੂ

ਤਾਹੀਂ ਮੈਂ ਕਹਿਨਾਂ ਰੰਗ 'ਚ ਭੰਗ ਪੈ ਗਈ। ਖੁਸ਼ੀ ਦੀ ਅਤ ਹੋ ਗਈ ਸੀ, ਜਿਥਰੋਂ ਪਟਕਾ ਮਾਰਿਆ ਅਗਲਿਆਂ।

ਧੰਨੋ

ਵੇ ਨੱਥੂ ਕੌਣ ਆ ਰਿਹੈ।

ਨੱਥੂ

(ਹੌਲੀ) ਛੇਤੀ ਅੰਦਰ ਚੱਲੋ। ਕਿਤੇ ਇੱਧਰ ਨਾ ਆ ਧਮਕਣ।

[ ਤਿੰਨੋ ਜਣੇ ਬੂਹੇ ਅੰਦਰ ਹੋ ਕੇ ਕੁਆੜ ਭੇੜ ਲੈਂਦੇ ਹਨ ਅਤੇ ਸਾਹ ਘੁੱਟੀ ਖੜੇ ਰਹਿੰਦੇ ਹਨ। ਜੇ ਕਰ ਦਰਸ਼ਕਾਂ ਨੂੰ ਦਿਸਦੇ ਰਹਿਣ ਤਾਂ ਬਹੁਤ ਚੰਗਾ ਹੈ। ਬੂਹੇ ਅੱਗੋਂ ਦੀ ਦੋ ਬੰਦੇ ਕਾਹਲੀ ਕਾਹਲੀ ਲੰਘਦੇ ਹਨ।]

ਪਹਿਲਾ

ਮੈਂ ਤਾਂ ਰਬੋਂ ਬਚਿਆਂ, ਸਾਂ ਕਰਦੀ ਗੋਲੀ ਮੇਰੇ ਕੰਨ ਕੋਲੋਂ ਦੀ ਲੰਘੀ।

ਦੂਜਾ

ਮੈਂ ਤਾਂ ਥਾਂ ਢੇਰੀ ਹੋ ਗਿਆ।

ਪਹਿਲਾ

ਤੈਨੂੰ ਵੰਜੀ ਦਾਅ ਆਉਂਦਾ ਸੀ ਨਾ।

ਦੂਜਾ

ਤੈਨੂੰ ਕਈ ਦਫਾ ਦਸਿਆ ਤਾਂ ਸੀ।

ਪਹਿਲਾ

ਝਟ ਪਟ ਵਾਰ 'ਚ ਕੁਝ ਨਹੀਂ ਸੁੱਝਾ।

ਧੰਨੋ

ਵੇ ਕੌਣ ਜਨ?

ਨੱਥੂ

ਠੀਕਰੀ ਪਹਿਰਾ ਦੇਣ ਆਲੇ ਬੰਦੇ ਕੰਤਾ ਤੇ ਸੁਰਜਨ।

[ਤਿੰਨੋ ਬੂਹੇ ਤੋਂ ਬਾਹਰ ਆਉਂਦੇ ਹਨ]

ਧੰਨੋ

ਉਹ ਸਰਪੰਚ ਦੀ ਮਦਦ ਨਹੀਂ ਕਿਉਂ ਨਾ ਬਹੁੜੇ?

ਨੱਥੂ

ਹਮਲੌਰੇ, ਖਾਲੀ ਹਥ ਕੋਈ ਕਿਆ ਕਰ ਸਕਦੇ। ਪਤੈ ਉਨ੍ਹਾਂ ਕੋਲ ਕਿੰਨੇ ਖ਼ਤਰਨਾਕ



ਹਥਿਆਰ ਐ, ਚੀਨ ਮਿਰਕਣ ਦੇ ਬਣੇ ਹੋਏ।

ਧੰਨੋ

ਸਾਡੀ ਸਰਕਾਰ ਸਾਨੂੰ ਕਿਉਂ ਨਹੀਂ ਦਿੰਦੀ?

ਨੱਥੂ

ਸਾਡੇ 'ਚ ਜਾਨ ਹੋਵੇ ਤਾਂ ਦੇਵੇ। ਮਾੜੇ ਧੀੜੇ ਕੋਲੋਂ ਤਾਂ ਉਹ ਉਂਤ ਈ ਖੋਹ ਲੈਂਦ ਐ।

ਰਾਧਾਂ

ਭਾਈ, ਉਨ੍ਹਾਂ ਦਾ ਮਰਨ ਤੋਂ ਡਰ ਲੱਥਾ ਹੋਇਐ।

ਨੱਥੂ

ਤਾਂ ਹੀ ਅੰਨ੍ਹੇ ਵਾਹ ਗੋਲੀਆਂ ਚਲਾ ਕੇ ਰੋੜ੍ਹੀ ਜਾਂਦੇ ਆ. ਦੇਖ ਲਓ, ਕੀ ਹਾਲ ਹੋਇਐ ਪੰਜਾਬ ਦਾ।

ਧੰਨੋ

ਫੇਰ ਤਾਂ ਪੰਡਤ ਰੁਲਦੂ ਦੀ ਵਾਣੀ ਸਚ ਨਿਕਲੀ।

ਰਾਧਾਂ

ਹੁਣ ਦਸ, ਜੋਤਸ਼ ਨੂੰ ਝੂਠਾ ਕਹਿੰਦਾ ਸੀ।

ਨੱਥੂ

ਐਨੀ ਭੇਦ ਭਰੀ ਕੇਹੜੀ ਗਲ ਆ, ਮੈਨੂੰ ਵੀ ਦਸੋ।

ਧੰਨੋ

ਰੁਲਦੂ ਨੇ ਬੋਦੀ ਆਲੇ ਤਾਰੇ ਦੀ ਬਦਸ਼ਗਨੀ ਬਾਰੇ ਕਿਹਾ ਸੀ।

ਨੱਥੂ

ਲੈ ਇਹ ਤਾਂ ਜਣੇ ਖਣੇ ਨੂੰ ਪਤੈ, ਪਈ, ਬੋਦੀ ਆਲਾ ਤਾਰਾ ਕਹਿਰ ਦੀ ਨਸ਼ਾਨੀ ਹੁੰਦੇ। ਦੱਸੋ ਪਹਿਲਾਂ ਵੀ ਕਦੇ ਐਨਾ ਜਾਨ ਮਾਲ ਦਾ ਨੁਕਸਾਨ ਹੋਇਐ।

ਰਾਧਾਂ

(ਅੱਖਾਂ ਭਰ ਕੇ) ਭਾਈ, ਸਾਡੇ ਲਈ ਤਾਂ ਪਰਲੋ ਆ ਗਈ।

ਧੰਨੋ

ਭੈਣ ਰਾਧਾਂ, ਤੂੰ ਮੇਰੇ ਵਲ ਵੇਖ।

ਰਾਧਾਂ

ਧੰਨੋ ਭੈਣ, ਤੇਰੇ ਆਸਰੇ ਤਾਂ ਜੀਂਦੀ ਆਂ, ਮੈਨੂੰ ਤਾਂ ਆਪਣੇ ਲਾਡਲੇ ਤੇ ਗੁੱਸਾ ਆਉਂਦੇ, ਬਥੇਰਾ ਕਲਪੀ, ਪਈ ਆ ਕਾਨ੍ਹਪੁਰ ਚਲੇ ਚਲੀਏ ਭੈਣ ਕੋਲ।

ਨੱਥੂ

ਫੇਰ ਕਿਉਂ ਨਾ ਮੰਨਿਆ?

ਰਾਧਾਂ

ਬਸ ਇਕੋ ਰਟ ਲਾਈ ਰਖੀ।

ਨੱਥੂ

ਉਹ ਕਿਹੜੀ ?

ਰਾਧਾਂ

ਜਿਸ ਪਿੰਡ 'ਚ ਜੰਮਿਆਂ, ਉਸਦੀ ਮਿੱਟੀ 'ਚ ਰਲਣੈਂ ।

ਨੱਥੂ

ਰਾਧਾਂ, ਜੰਮਣ ਭੋਂ ਛਡਣੀ ਕੇਹੜੀ ਸੌਖੀ ਐ ।

ਰਾਧਾਂ

ਭਾਵੀ, ਮੇਰਾ ਮੁੰਡਾ ਤਾਂ ਪਹਿਲਾਂ ਬਹੁਤ ਸਾਊ ਸੀ ।

ਧੰਨੋ

ਮੇਰਾ ਵੀ ਚੰਗਾ ਭਲਾ ਪੜ੍ਹਦਾ ਸੀ, ਖੌਰੇ ਕੀਹਦੀ ਚੁਕ 'ਚ ਆ ਗਿਐ ।

ਰਾਧਾਂ

ਧੰਨੋ, ਤੇਰੇ ਮੁੰਡੇ ਦੇ ਸੰਗ ਨੇ ਤਾਂ ਮੇਰਾ ਪੁਟਿਐ ।

ਧੰਨੋ

ਖ਼ਬਰਦਾਰ, ਜੇ ਮੇਰੇ ਮੁੰਡੇ ਸਿਰ ਦੋਸ਼ ਥਾਪਿਆ ।

ਰਾਧਾਂ

(ਡਰ ਕੇ) ਭੈਣੇ, ਤੇਰੇ ਮੁੰਡੇ ਨੂੰ ਦੋਸ਼ ਨਹੀਂ ਦਿੰਦੀ, ਜ਼ਮਾਨੇ ਨੂੰ ਹੀ ਵਾ ਵਗ ਗਈ ਏ ।

ਨੱਥੂ

ਹੋਰ ਵਿਚਾਰੇ ਵਿਹਲੇ ਕਿਆ ਕਰਨ, ਪੜ੍ਹ ਕੇ ਨੌਕਰੀ ਤਾਂ ਮਿਲਦੀ ਨੀ।

ਧੰਨੋ

ਮੁੰਡੇ ਵੀ ਕੀ ਕਰਨ, ਚੰਗੇ ਭਲੇ ਨੂੰ ਸ਼ੱਕ 'ਚ ਫੜ ਕੇ ਲੈ ਜਾਂਦੇ ਐ ।

ਰਾਧਾ

ਮੁੰਡਿਆਂ ਦਾ ਗੁੱਸਾ ਤਾਂ ਸਹਿਜੇ ਭੜਕਣਾ ਹੋਇਆ ।

ਨੱਥੂ

ਉਨ੍ਹਾਂ ਵੀ ਉੱਪਰ ਸੱਚੇ ਹੋਣਾ ਹੋਇਆ, ਤੁਸੀਂ ਕਿਆ ਜਾਣੋ ਸਿਆਸੀ ਚਾਲਾਂ ਨੂੰ, ਰੋਜ਼ ਅਨਹੋਣੀਆਂ ਗੱਲਾਂ ਸੁਣੀਦੀਆਂ ਨੇ, ਅੱਛਾ ਮੈਂ ਚਲਦਾਂ ।

ਧੰਨੋ

ਵੇ, ਕਿਉਂ ਮੌਤ ਦੇ ਮੂੰਹ ਜਾਂਦੈ, ਠਹਿਰ ਜਾ ।

ਰਾਧਾਂ

ਤੇਰੇ ਖੜੋਣ ਨਾਲ ਦਿਲ ਨੂੰ ਧਰਵਾਸ ਬਝਦੈ ।

ਨੱਥੂ

ਪਰ ਮੈਨੂੰ ਤਾਂ ਧੁਖਧੁਖੀ ਲੱਗੀ ਹੋਈ ਐ, ਮੇਰੇ ਭਾ ਦੀ ਸ਼ਾਮਤ । ਜੇ ਇਸ ਮਾਰ ਧਾੜ ਦੀ



ਠਾਣੇ ਇਤਲਾਹ ਨਹੀਂ ਦਿੰਦਾ ਤਾਂ ਠਾਣੇਦਾਰ ਨੇ ਕੁਟਾਪਾ ਚਾੜ੍ਹਨੈ । ਜੇ ਹੁਣੇ ਜਾਂਦਾਂ ਤਾਂ ਰਾਹ 'ਚ ਜਾਨ ਦਾ ਖਤਰੈ । ਅੱਠੇ ਪਹਿਰ ਜਾਨ ਸੂਲੀ ਤੇ ਟੰਗੀ ਰਹਿੰਦੀ ਐ ।

ਧੰਨੋ

ਸਚ ਐ ਭਰਾਵਾ, ਪੰਜਾਬ ਦਾ ਅਜ ਕਣ ਕਣ ਦੁਖੀ ਐ ।

ਰਾਧਾਂ

ਪਰ ਮੇਰੇ ਨਾਲੋਂ ਵਧ ਕੋਈ ਦੁਖੀ ਨਹੀਂ ਹੋਣਾ ।

ਧੰਨੋ

ਹਰ ਕੋਈ ਇੱਦਾਂ ਈ ਕਹਿੰਦੈ ।

ਨੱਥੂ

ਬਾਬੇ ਨਾਨਕ ਨੇ ਲੱਖ ਦੀ ਕਹੀ ਐ, "ਨਾਨਕ ਦੁਖੀਆ ਸਭ ਸੰਸਾਰ ।" ਮੇਰੀ ਜੋ ਦਿਨ ਰਾਤ ਧੂ ਘਸੀਟ ਹੁੰਦੀ ਐ, ਉਹ ਮੈਨੂੰ ਪਤੈ ਜਾਂ ਮੇਰੇ ਰਬ ਨੂੰ । ਮੈਂ ਤਾਂ ਹੁਣ ਜਾ ਕੇ ਲਿਟਦਾਂ, ਦਿਨ ਚੜ੍ਹੇ ਜਾਊਂ ਠਾਣੇ ।

ਧੰਨੋ

ਭਰਾ ਨੱਥੂ, ਦੇਖ ਕੇ ਆਈਂ, ਕਿਤੇ ਠਾਣੇ 'ਚ ਨਾ ਡੱਕੇ ਹੋਣ ਸਾਡੇ ਮੁੰਡੇ ।

ਨੱਥੂ

ਬਾਹਲਾ ਗਮ ਨਾ ਲਾਓ ਦਿਲ ਨੂੰ, ਛੋਕਰੇ ਭਾਮੇਂ ਕਿਸੇ ਯਾਰ ਬੇਲੀ ਕੋਲ ਐਸ਼ਾਂ ਕਰਦੇ ਹੋਣ ।

ਧੰਨੋ

ਵੇ ਨੱਥੂ, ਤੇਰੇ ਮੂੰਹ 'ਚ ਖੰਡ ਪਾਮਾਂ ਜੇ ਇਹ ਸੱਚ ਹੋਵੇ ।

ਰਾਧਾਂ

ਭੈਣੇ, ਮੇਰਾ ਮੁੰਡਾ ਤਾਂ ਕਦੇ ਬਾਹਰ ਰਾਤ ਨਹੀਂ ਸੀ ਰਿਹਾ ।

ਧੰਨੋ

ਖੌਰੇ ਸੰਤੋਖ ਨੇ ਉਹਨੂੰ ਮਨਾ ਲਿਆ ਹੋਵੇ ।

ਰਾਧਾਂ

ਜਿੰਨਾ ਚਿਰ ਘਰ ਨਹੀਂ ਆਉਂਦਾ, ਮੇਰਾ ਦਿਲ ਟਕਾਣੇ ਨਹੀ ਆਉਣਾ ।

ਨੱਥੂ

ਲੈ, ਉਹ ਸੱਚੀ ਮੁੱਚੀਂ ਆ ਗੇ ।

ਧੰਨੋ

ਹੈਂ ! ਤੈਨੂੰ ਕਿੱਦਾਂ ਪਤੈ ?

ਨੱਥੂ

ਦਗੜ ਦਗੜ ਨੀ ਸੁਣਦੀ ।

ਰਾਧਾਂ

ਹਾਏ ਮੈਨੂੰ, ਵੇ ਹੁਣ ।

ਨੱਥੂ

ਝਟ ਪਟ ਅੰਦਰ ਚਲੋ।

[ਤਿੰਨੇ ਅੰਦਰ ਜਾ ਕੇ ਬੂਹੇ ਦਾ ਕੁੰਡਾ ਲਾ ਕੇ ਘਬਰਾਏ ਹੋਏ ਖੜੇ ਹਨ। ਕੁੰਡਾ ਦੋ ਤਿੰਨ ਵਾਰ ਖੜਕਦਾ ਹੈ। ਨੱਥੂ ਪਿਛਲੇ ਕੋਠੇ ਵਲ ਨਸ ਜਾਂਦਾ ਹੈ।]

ਬਾਹਰੋਂ ਆਵਾਜ਼

ਤਾਈ!

ਧੰਨੋ

ਹੈਂ! ਇਹ ਤਾਂ ਸ਼ੇਰੂ ਦੀ ਵਾਜ ਲਗਦੀ ਐ।

ਸ਼ੇਰੂ

ਤਾਈ ਮੈਂ ਆਂ।

ਧੰਨੋ

ਵੇ ਸ਼ੇਰੂ, ਤੂੰ ਕੱਲਾ ਈ ਐਂ?

ਸ਼ੇਰੂ

ਆਹੋ ਤਾਈ, ਡਰੋ ਨਾ।

ਧੰਨੋ

ਵੇ ਪਹਿਲੋਂ ਕਿਉਂ ਨਾ ਮੂੰਹੋਂ ਫੁਟਿਆ।

ਰਾਧਾਂ

ਤੂੰ ਤਾਂ ਸਾਡੀ ਜਾਨ ਈ ਕਢਤੀ ਸੀ।

ਸ਼ੇਰੂ

ਤਾਈ! [ਧੰਨੋ ਦੀ ਛਾਤੀ ਤੇ ਸਿਰ ਰਖ ਕੇ ਭੁੱਬਾਂ ਮਾਰ ਕੇ ਰੋਂਦਾ ਹੋਇਆ] ਤਾਈ!!

ਧੰਨੋ

ਵੇ ਪੁੱਤਾ, ਗਲ ਤਾਂ ਦਸ, ਕੀ ਹੋਇਐ?

ਰਾਧਾਂ

ਹਾਏ ਮੈਂ ਮਰ ਜਾਂ, ਇਹਨੂੰ ਤਾਂ ਗੋਲੀ ਲਗੀ ਹੋਈ ਏ।

ਸ਼ੇਰੂ

ਤਾਈ, ਗੋਲੀ ਦਾ ਮੈਨੂੰ ਭੋਰਾ ਫ਼ਿਕਰ ਨੀ।

ਧੰਨੋ

ਫੇਰ ਪੁੱਤਾ, ਹੋਰ ਕੀ ਗਲ ਐ?

[ਸ਼ੇਰੂ ਉੱਚੀ ਉੱਚੀ ਰੋਈ ਜਾਂਦਾ ਹੈ।]



ਰਾਧਾਂ

ਹਾਏ ਮੈਨੂੰ, ਕੋਈ ਖਾਸ ਗਲ ਲਗਦੀ ਹੈ।

ਧੰਨੋ

ਵੇ ਕੌਣ ਸਨ ਮਾਰਨ ਵਾਲੇ?

ਸ਼ੇਰੂ

ਪਤਾ ਨਹੀਂ, ਮੂੰਹ ਸਿਰ ਬੰਨ੍ਹੇ ਹੋਏ ਸਨ।

ਧੰਨੋ

ਵੇ ਕਿੰਨੇ ਜਣੇ ਸਨ?

ਸ਼ੇਰੂ

ਪੰਜ ਕਿ ਛੇ ਹਥਿਆਰਬੰਦ ਅੰਦਰ ਆਏ। ਇਕ ਜੀਪ 'ਚ ਬੈਠਾ ਰਿਹਾ।

ਧੰਨੋ

ਤੂੰ ਕਿਸੇ ਨੂੰ ਪਛਾਣਿਆ ਨਹੀਂ?

ਸ਼ੇਰੂ

ਇਕ ਤੇ ਮੈਨੂੰ ਸ਼ਕ ਪਿਆ।

ਧੰਨੋ

(ਅੰਦਰਲੇ ਡਰ ਨਾਲ) ਵੇ ਕੌਣ ਸੀ ਉਹ?

ਸ਼ੇਰੂ

ਤਾਈ, ਹੋ ਸਕਦੈ ਮੈਨੂੰ ਭੁਲੇਖਾ ਲੱਗਾ ਹੋਵੇ।

ਧੰਨੋ

ਫੇਰ ਵੀ ਦਸ ਤਾਂ ਸਹੀ?

ਸ਼ੇਰੂ

ਸੰਤੋਖ ਦਾ ਮੜਿੰਗਾ ਲਗੇ।

ਧੰਨੋ

(ਉਸ ਦੇ ਮੂੰਹ ਤੇ ਹਥ ਰਖ ਕੇ) ਵੇ ਚੁਪ! ਉਹ ਨੀ ਹੋ ਸਕਦਾ। ਤੈਨੂੰ ਭੁਲੇਖਾ ਲੱਗੇ।

ਸ਼ੇਰੂ

ਕਾਸ਼, ਤਾਈ! ਭੁਲੇਖਾ ਹੋਵੇ।

ਧੰਨੋ

ਐਨੇ ਵਾਹ ਵਰ੍ਹਦੀਆਂ ਗੋਲੀਆਂ 'ਚ ਤੇਰੀ ਸੂਰਤ ਕਿੱਦਾਂ ਟਕਾਣੇ ਰਹੀ?

ਸ਼ੇਰੂ

ਤਾਈ, ਅਖ ਦੇ ਫੋਰ 'ਚ ਕਾਰਾ ਕਰ ਕੇ ਚਾਰੇ ਦਗੜ ਦਗੜ ਕਰਦੇ ਬਾਹਰ ਭਜ ਗਏ। ਇਕ ਉਨ੍ਹਾਂ ਚੋਂ ਖੜਾ ਰਿਹਾ। ਮੇਰੇ ਵਲ ਵੇਖਦਾ ਰਿਹਾ, ਵੇਖਦਾ ਰਿਹਾ।

ਧੰਨੋ

ਤੂੰ ਉਹਦੀਆਂ ਅੱਖਾਂ 'ਚ ਝਾਕਿਆ ?

ਸ਼ੇਰੂ

ਹਾਂ, ਉਹਨਾ 'ਚ ਅਥਰੂ ਸਨ ।

ਧੰਨੋ

ਵੇ ਤੇਰਾ ਕੋਈ ਹੋਰ ਯਾਰ ਬੇਲੀ ਨਾ ਹੋਵੇ ।

ਸ਼ੇਰੂ

ਇਹ ਵੀ ਹੋ ਸਕਦੈ ਤਾਈ ।

ਧੰਨੋ

ਵੇ ਪੁਤ, ਉਹ ਕੋਈ ਬਘਿਆੜ ਥੋੜੇ ਨੇ, ਆਖਰ ਆਪਣੇ ਹੀ ਮੁੰਡੇ ਨੇ, ਤਰਸ ਆ ਗਿਆ ਹੋਣੈ ਤੇਰੀ ਜੁਆਨੀ ਤੇ ।

ਰਾਧਾਂ

ਗੋਲੀ ਮਾਰ ਕੇ ਪਛਤਾਇਆ ਹੋਵੇ !'

ਸ਼ੇਰੂ

ਤਾਈ ਹੋ ਸਕਦੈ, ਮੈਨੂੰ ਭੁਲੇਖਾ ਲੱਗਾ ਹੋਵੇ ।

ਧੰਨੋ

ਪਰ ਮੁੰਡਿਆ, ਮੇਰੇ ਦਿਲ ਨੂੰ ਤਾਂ ਤੂੰ ਧੁੜਕੂ ਲਾ ਤਾ ।

ਸ਼ੇਰੂ

ਤਾਈ, ਤੂੰ ਦਿਲ ਤੇ ਨਾ ਲਾ, ਜਰੂਰ ਕੋਈ ਹੋਰ ਹੋਵੇਗਾ ਜਾਣੂ ਪਛਾਣੂ ।

ਰਾਧਾਂ

ਵੇ, ਮੇਰੇ ਚਰਨੋ ਵਰਗਾ ਤਾਂ ਨਹੀਂ ਸੀ ਕੋਈ ।

ਸ਼ੇਰੂ

ਤਾਈ, ਹੋਰ ਮੈਂ ਕਿਸੇ ਨੂੰ ਨਹੀਂ ਪਛਾਣਿਆ, ਐਨਾ ਝਟ ਪਟ ਵਾਰ ਹੋਇਆ ਅੱਖ ਝਮਕਣ ਦਾ ਮੌਕਾ ਨਹੀਂ ਮਿਲਿਆ ।

ਧੰਨੋ

ਵੇ ਹੁਣ ਕਿੱਧਰ ਨੂੰ ਤੁਰ ਪਿਐਂ ? ਰਾਧਾਂ, ਝਟ ਪਾਣੀ ਲਿਆ ਕੌਲੀ 'ਚ ।

ਸ਼ੇਰੂ

ਡਾਕਟਰ ਨੂੰ ਉਠਾਲਾਂ, ਪੱਟੀ ਕਰਾਵਾਂ ।

ਧੰਨੋ

ਵੇ ਨੱਥੂ, ਕਿਥੇ ਮਰ ਗਿਐਂ । ਬਾਹਰ ਨਿਕਲ ।



ਰਾਧਾਂ

(ਪਾਣੀ ਲੈ ਕੇ ਆਉਂਦੀ ਹੋਈ) ਉਹ ਤਾਂ ਕੋਠੇ ਚੜ ਗਿਆ ਸੀ ।

(ਸ਼ੇਰੂ ਪਾਣੀ ਪੀ ਕੇ ਤੁਰ ਪੈਂਦਾ ਹੈ)

ਧੰਨੋ

ਕਿੰਨਾ ਜਿਗਰੈ ਇਨ੍ਹਾਂ ਮੁੰਡਿਆਂ ਦਾ ।

ਰਾਧਾਂ

ਮੈਂ ਤਾਂ ਆਪ ਹੈਰਾਨ ਆਂ ।

ਨੱਥੂ

ਕੌਣ ਸੀ, ਚਲਾ ਗਿਆ ?

ਧੰਨੋ

ਵੇ ਡਰਪੋਕਾ, ਉਹ ਤਾਂ ਮੇਰੇ ਮੁੰਡੇ ਦਾ ਆੜੀ, ਸ਼ੇਰੂ ਸੀ ।

ਨੱਥੂ

ਹੈਂ ! ਸ਼ੇਰੂ ? ਕੀ ਦਸਦੇ ?

ਰਾਧਾਂ

ਉਹਨੂੰ ਗੋਲੀ ਵਜੀ ਐ ।

ਨੱਥੂ

ਹੈਂ ! ਬਚ ਤਾਂ ਜਾਊ ।

ਧੰਨੋ

ਉਹ ਤਾਂ ਬਚ ਜਾਊ, ਪਰ ਮੈਨੂੰ ਸੰਸਾ ਲਾ ਗਿਐ । ਹਾਏ ਮੈਂ ਕੀ ਕਰਾਂ, ਮੇਰਾ ਦਿਲ ਤਾਂ ਬਹਿੰਦਾ ਜਾਂਦੈ ।

ਨੱਥੂ

ਤੁਆਨੂੰ ਆਪਣੇ ਦੁਖ ਪਹਾੜ ਲਗਦੇ ਐ । ਓਧਰ ਦੇਖੋ ਬੁੜ੍ਹੇ ਬ੍ਰਾਹਮਣ ਦਾ ਹਾਲ ।

ਧੰਨੋ

ਹਾਏ ! ਕਿੰਨਾ ਦਾਨਾ ਬੰਦਾ ਹੁੰਦਾ ਸੀ, ਲੋਕੀਂ ਹਰ ਕੰਮ ਕਾਰ ਲਈ ਸਲਾਹਾਂ ਲੈਂਦੇ ਸਨ ।

ਰਾਧਾਂ

(ਹਉਕਾ ਲੈ ਕੇ) ਡਰੀਏ ਪਰਮਾਤਮਾ ਤੋਂ ! ਭੈਣੇ, ਦੁਖ ਪਰੇ ਤੋਂ ਪਰੇ ।

ਧੰਨੋ

ਵਿਚਾਰੇ ਦਾ ਝੁੱਗਾ ਈ ਚੌੜ ਹੋ ਗਿਐ ।

ਨੱਥੂ

ਗਮਾਂ ਨੇ ਮੱਤ ਮਾਰਤੀ । ਉਂਜ ਪੰਡਤ ਕਿਸੇ ਤੋਂ ਲਈ ਦਾ ਨਹੀਂ ਸੀ ।

ਰਾਧਾਂ

ਵਿਚਾਰਾ ਕੱਲਾ ਕਾਰਾ ਰਹਿ ਗਿਆ ਜੂਨ ਭੋਗਣ ਲਈ ।

ਨੱਥੂ

ਆਹ ਸੁਣ ਲਓ ਉਹਦੀਆਂ ਕਮਲੀਆ ਰਮਲੀਆਂ।

ਰਾਧਾਂ

ਵੇ ਕਿਉਂ ਝੇੜਾਂ ਕਰਦੈਂ। ਉਹਦੇ ਵਸ ਦੀ ਗਲ ਏ। ਦੁੱਖਾਂ ਦਾ ਪਹਾੜ ਆਣ ਢੱਠਾ ਬੈਠੇ ਬਠਾਏ ਤੇ।

ਧੰਨੋ

ਅਵੱਲੇ ਮਲ੍ਹ ਤਾਂ ਚੰਗੇ ਭਲੇ ਦੀ ਮਤ ਮਾਰ ਦਿੰਦੇ ਐ।

ਨੱਥੂ

ਸੁਣ ਲਓ।

ਰੂੜਾ

(ਆਪਣੇ ਆਪ) ਭਾਵੇਂ ਪਿਟੋ, ਭਾਵੇਂ ਝਾਟੇ ਪੁੱਟੋ, ਮੋਇਆਂ ਨੇ ਮੁੜ ਕੇ ਨਹੀਂ ਆਉਣਾ। ਤੇਰੇ ਉਡੀਕਾਂ ਸਭ ਵਿਅਰਥ ਨੇ।

ਧੰਨੋ

ਲਗਦੈ ਸਾਨੂੰ ਲਾ ਕੇ ਕਹਿ ਰਿਹੈ, ਇਹਨੂੰ ਕਿੱਦਾਂ ਪਤੈ ਅਸੀਂ ਮੁੰਡਿਆਂ ਦੀ ਡੀਕ 'ਚ ਖੜੀਆਂ।

ਰਾਧਾਂ

ਭੈਣੇ, ਭਲੇ ਸਮੇਂ ਇਹ ਦਿਲ ਦੀਆਂ ਬੁਝਦਾ ਹੁੰਦਾ ਸੀ, ਪੱਕੇ ਟੇਵੇ ਲਾਂਦਾ ਹੁੰਦਾ ਸੀ।

ਨੱਥੂ

ਮੈਨੂੰ ਤਾਂ ਇਹਦੇ ਝਲਪੁਣੇ ਚੋਂ ਸਿਆਣੀਆਂ ਗੱਲਾਂ ਲਗਦੀਐਂ!

ਰੂੜਾ

ਬੋਦੀ ਵਾਲੇ ਤਾਰੇ ਬਾਰੇ ਮੈਂ ਸਾਰੇ ਨਗਰ ਨੂੰ ਸੁਚੇਤ ਕੀਤਾ। ਮੇਰੀ ਕਿਸੇ ਨਾ ਸੁਣੀ। ਮੈਂ ਕੋਠੇ ਚੜ੍ਹ ਕੇ ਕੂਕਿਆ, ਆਪੋ ਆਪਣਾ ਪ੍ਰਬੰਧ ਕਰ ਲਓ, ਨਗਰ ਗਰਾਂ ਦੀ ਖੈਰ ਨਹੀਂ। ਐਸਾ ਸਮਾਂ ਆ ਰਿਹੈ, ਧਰਮ ਖੰਭ ਲਾ ਕੇ ਉੜ ਜਾਵੇਗਾ। ਮਨੁਸ਼ ਪਸ਼ੂਆਂ ਸਮਾਨ ਹਰਕਤਾਂ ਕਰਨਗੇ। ਭਰਾ ਭਰਾ ਦਾ ਗਲ ਕੱਟੇਗਾ। ਨੇਮੀ ਪ੍ਰੇਮੀ ਜਨੂਨ ਦਾ ਚੋਗਾ ਪਹਿਨ ਕੇ ਉਗਰਵਾਦੀ ਬਣ ਜਾਣਗੇ। ਦੇਸ ਵਿਚ ਦਹਿਸ਼ਤ ਦਾ ਰਾਜ ਹੋਵੇਗਾ।

ਧੰਨੋ

ਇਹ ਕਿਧਰ ਨੂੰ ਜਾ ਰਿਹੈ ਐਸ ਵੇਲੇ?

ਨੱਥੂ

ਰੋਜ਼ ਇਸ ਵਕਤ ਮੜ੍ਹੀਆਂ 'ਚ ਜਾ ਕੇ ਸਿਵਿਆਂ ਦੀ ਸੁਆਹ ਫਰੋਲਦੈ। ਉੱਚੀ ਉੱਚੀ ਕੂਕਾਂ ਮਾਰਦੈ, ਕਦੇ ਰੋਂਦੇ ਕਦੇ ਹਸਦੈ, ਕਦੇ ਰਮੈਣ ਗਾਇਤਰੀ ਦਾ ਪਾਠ ਕਰਦੈ।

ਧੰਨੋ

ਵੇ ਚੁਪ ਕਰ, ਸੁਣ।



ਰੂੜਾ

ਕਮਲਿਓ ਲੋਕੋ, ਕਮ ਅਕਲੋ, ਹੁਣ ਦੱਸੋ, ਮੇਰਾ ਜੋਤਿਸ਼ ਸੱਚਾ ਨਿਕਲਿਆ ਕਿ ਨਾ। ਅਗੇ ਸਿਵਿਆਂ ਵਿਚ ਸੁੰਨਮ-ਸਾਨ ਹੁੰਦੀ ਸੀ। ਕਦੇ ਕਦਾਈਂ ਕੋਈ ਮੁਰਦਾ ਸੜਦਾ ਸੀ। ਹੁਣ ਮੜੀਆਂ ਤੋਂ ਮਿਰਤਕ ਸਾਂਭੇ ਨਹੀਂ ਜਾਂਦੇ। ਪਿੰਡ ਵਿਚ ਬਾਲਣ ਪਾਥੀਆਂ ਮੁਕ ਗਈਆਂ ਨੇ। (ਠੰਢਾ ਸਾਹ ਲੈਂਦਾ ਹੋਇਆ) ਮੈਨੂੰ ਖਬਰੇ ਕਾਵਾਂ ਕੁਤਿਆਂ ਨੇ ਖਾਣਾ ਏ, ਉਹ ਜਾਣੇ ਰਿੜੀਆਂ ਦੇ ਮਰਨ ਨਾਲ ਜੰਗਲੀ ਜਾਨਵਰਾਂ ਦਾ ਰਜ ਹੋ ਜਾਵੇਗਾ, ਮੇਰਾ ਕੀ ਏ? ਮੈਂ ਕਿਹੜਾ ਦੇਖਣ ਆਉਣੈ, ਆਪ ਮਰੇ ਜਗ ਪਰਲੋ। ਮੈਨੂੰ ਹੁਣ ਕਾਹਦਾ ਦਰੇਗ ਏ! ਮੇਰੇ ਵਲੋਂ ਭਾਵੇਂ ਸਾਰੇ ਪਿੰਡ ਨੂੰ ਮੁਰਦਾ ਘਾਟ ਬਣਾ ਦੇਣ। ਮੇਰੇ ਪਰਵਾਰ ਨੂੰ ਤਾਂ ਬੇਦਰਦਾਂ ਨੇ ਅਗਲੇ ਜਹਾਨ ਪੁਚਾ ਈ ਦਿੱਤਾ ਏ।

ਨੱਥੂ

ਭਲੇ ਲੋਕ ਤੂੰ ਆਪਣੇ ਜੋਤਸ਼ ਤੇ ਆਪ ਤਾਂ ਅਮਲ ਕਰਦਾ।

ਰੂੜਾ

(ਸਿਰ ਤੇ ਹਥ ਮਾਰ ਕੇ) ਮੈਂ ਤਾਂ ਚਰੋਕਣਾ ਕੂਕਦਾ ਸੀ, ਕੋਠੇ ਚੜ ਕੇ ਪਿਟਦਾ ਰਿਹਾ, ਕਿਸੇ ਨੇ ਮੇਰੀ ਗਲ ਦਾ ਯਕੀਨ ਨਾ ਕੀਤਾ, ਮੈਂ ਰਿਸ਼ੀ ਕੇਸ਼ ਚਲੇ ਜਾਣ ਲਈ ਪੂਰਾ ਤਾਣ ਲਾਇਆ, ਕੁਤਿਆਂ ਨੇ ਮੇਰੀ ਇਕ ਨਾ ਮੰਨੀ। ਖਾ ਲਓ ਹੁਣ ਦਾਖੂ ਦਾਣਾ, ਭਾਣਾ ਵਰਤ ਗਿਐ, ਅਣਹੋਣੀ ਹੋ ਗਈ। ਵਕਤ ਹਥੋਂ ਨਿਕਲ ਗਿਐ:

[ਆਪ ਮੁਹਾਰਾ ਗਾਂਦਾ ਹੈ।]

ਬੰਦਿਆ, ਕਿਉਂ ਕਰਦਾ ਤੂੰ ਮੇਰੀ ਮੇਰੀ
ਆਖ਼ਰ ਹੋਣਾ ਤੂੰ ਖਾਕ ਦੀ ਢੇਰੀ।
ਚਾਰ ਦਿਨ ਤੂੰ ਟਿਮ ਟਿਮਾ ਲੈ
ਦੁਖ ਪੀ ਲੈ, ਗ਼ਮ ਖਾ ਲੈ।
ਕਿਉਂ ਬੰਨ੍ਹਦਾ ਤੂੰ ਝੂਠੇ ਦਾਅਵੇ
ਮੁਕ ਜਾਣੇ ਤੇਰੇ ਹਉਕੇ ਹਾਵੇ।

[ਗਾਂਦਾ ਚਲਾ ਜਾਂਦਾ ਹੈ।]

ਨੱਥੂ

ਅੱਛਾ ਭੈਣੇ, ਮੈਂ ਚਲਦਾਂ। ਆਪ ਤੋਂ ਦੁਖੀ ਨੂੰ ਦੇਖ ਕੇ ਹੀ ਮਨ ਖਲੋਂਦੈ। ਮੇਰਾ ਖੌਰੇ ਰੂੜੇ ਨਾਲੋਂ ਵੀ ਭੈੜਾ ਹਾਲ ਹੋਣੈ।

ਧੰਨੋ

ਰਾਧਾਂ, ਮੇਰੇ ਦਿਲ ਨੂੰ ਆਪ ਡੋਬ ਪੈਣ ਲਗ ਪਏ ਨੇ।

ਰਾਧਾਂ

ਐਵੇਂ ਨਾ ਵਹਿਮ ਕਰ, ਸਾਡੇ ਮੁੰਡੇ ਨਹੀਂ ਜੇਹੇ ਕਾਰੇ ਕਰ ਸਕਦੇ।

[ਦੂਰ ਗੁਰਦੁਆਰੇ ਵਿਚੋਂ ਧੌਂਸੇ ਦੀ ਆਵਾਜ਼
ਆਉਂਦੀ ਹੈ। ਦੋਵੇਂ ਔਰਤਾਂ ਉਸ ਪਾਸੇ ਵਲ
ਸਹਿਜ ਸੁਭਾ ਸਿਰ ਨਿਵਾਉਂਦੀਆਂ ਹਨ]

ਗੁੰਥੀ

ਕੀ ਗਲ ਏ ਬੀਬੀਓ, ਬੜੀਆਂ ਬੇਚੈਨ ਉਦਾਸ ਖੜੀਆਂ ਓ।

ਧੰਨੋ

ਭਾਈ ਜੀ, ਸਾਡੇ ਮੁੰਡੇ ਪਰਸੋਂ ਦੇ ਗਏ ਘਰ ਨਹੀਂ ਮੁੜੇ।

ਗੁੰਥੀ

ਇਹ ਕੋਈ ਨਵੀਂ ਗਲ ਏ। ਪੰਜਾਬ ਦੇ ਘਰ ਘਰ ਦੀ ਇਹੋ ਦੁਖ ਭਰੀ ਦਾਸਤਾਨ ਹੈ।

ਰਾਧਾਂ

ਭਾਈ ਸਾਹਿਬ, ਇਹ ਦੁਖ ਕਲੇਸ਼ ਕਦੋਂ ਮੁਕਣਗੇ ?

ਗੁੰਥੀ

ਅਜ ਹਰ ਪੰਜਾਬੀ ਦੀ ਜ਼ੁਬਾਨ ਤੇ ਇਹੋ ਸਵਾਲ ਏ।

ਰਾਧਾਂ

ਫੇਰ ਤੁਸੀਂ ਕੀ ਜਵਾਬ ਦਿੰਦੇ ਓ ?

ਗੁੰਥੀ

ਜਦੋਂ ਵਾਹਿਗੁਰੂ ਕੇਂਦਰ ਨੂੰ ਸੁਮਤ ਬਖਸ਼ੇਗਾ।

ਰਾਧਾਂ

ਤੁਸੀਂ ਵੀ ਬੋਦੀ ਵਾਲੇ ਤਾਰੇ ਨੂੰ ਮੰਨਦੇ ਓ।

ਗੁੰਥੀ

ਹਰਗਿਜ਼ ਨਹੀਂ। ਗੁਰੂ ਜੀ ਨੇ ਸਾਨੂੰ ਸਭ ਵਹਿਮ ਭਰਮਾਂ ਤੋਂ ਮੁਕਤ ਕੀਤਾ ਹੋਇਆ ਹੈ। ਪੰਜਾਬ ਦਾ ਸੰਕਟ ਕੁਚੱਜੀ ਸਿਆਸੀ ਚਾਲ ਦਾ ਨਤੀਜਾ ਹੈ। ਨਿੱਜ ਹਿੱਤਾਂ ਨੇ ਮੁਲਕ ਨੂੰ ਤਬਾਹ ਕਰ ਦਿੱਤਾ ਹੈ। ਗੁਰਬਾਣੀ ਵਿਚ ਤਾਂ ਸਗੋਂ ਲੰਮੇ ਤਾਰੇ ਨੂੰ ਸ਼ੁਭ ਸ਼ਗਨ ਕਿਹਾ ਹੈ।

ਧੰਨੋ

ਹੈਂ! ਕੀ ਕਿਹਾ ਹੈ ?

ਗੁੰਥੀ

ਤਾਰਾ ਚੜਿਆ ਲੰਮਾ
ਕਿਉ ਨਦਰਿ ਨਿਹਾਲਿਆ ਰਾਮ।

ਰਾਧਾਂ

ਭਾਈ ਸਾਹਿਬ, ਜੋ ਮਾਰ ਧਾੜ ਦਿਨ ਰਾਤ ਹੋ ਰਹੀ ਏ, ਕੀ ਇਹ ਸ਼ੁਭ ਸ਼ਗਨ ਏ ?



ਗੁੰਥੀ

ਪੰਜਾਬ ਦੇ ਵਰਤਮਾਨ ਸੰਤਾਪ ਦੇ ਅਸੀਂ ਵੀ ਜ਼ੁੰਮੇਵਾਰ ਹਾਂ।

ਧੰਨੋ

ਉਹ ਕਿੱਦਾਂ ?

ਗੁੰਥੀ

ਪਹਿਲਾਂ ਮਾਂ ਬੋਲੀ ਪਿੱਛੇ ਵੰਡੇ ਗਏ ਸਾਂ, ਹੁਣ ਅਤ ਭੀੜ ਸਮੇਂ ਵੀ ਪੰਜਾਬੀ 'ਕੱਠੇ ਨਹੀਂ ਹੋ ਸਕੇ।

ਰਾਧਾਂ

ਇਸ ਕਟ ਵਢ ਦਾ ਕਦੇ ਅੰਤ ਵੀ ਹੋਵੇਗਾ ਕਿ ਨਹੀਂ ?

ਗੁੰਥੀ

ਕਿਉਂ ਨਹੀਂ, ਸ਼ਹੀਦਾਂ ਤੇ ਨਿਰਦੋਸ਼ਾਂ ਦਾ ਖ਼ੂਨ ਅਜਾਈਂ ਨਹੀਂ ਜਾਂਦਾ। ਜ਼ਰੂਰ ਛੇਤੀ ਨਵਾਂ ਸੂਰਜ ਚੜ੍ਹੇਗਾ—

ਦਿਨ ਤੇ ਸਰਪਰ ਪਉਸੀ ਰਾਤਿ।
ਰੈਣਿ ਗਈ ਫਿਰਿ ਹੋਇ 'ਪਰਭਾਤਿ।

ਰਾਧਾਂ

ਭਾਈ ਸਾਹਿਬ, ਸਿਵਿਆਂ ਤੇ ਹੁਣ ਕੀ ਰੰਗ ਚੜ੍ਹੇਗਾ।

ਗੁੰਥੀ

ਭੋਲੀਓ, ਰਾਖ ਵਿਚੋਂ ਹੀ ਕੁਕਨਸ ਪੈਦਾ ਹੁੰਦਾ ਹੈ।

ਧੰਨੋ

ਭਾਈ ਜੀ, ਥੁਹਾਨੂੰ ਸੇਕ ਨਹੀਂ ਲੱਗਾ ਲਗਦਾ ਤਾਂ ਹੀ ਸੁਖ ਦੀਆਂ ਗੱਲਾਂ ਕਰਦੇ ਓ।

ਗੁੰਥੀ

ਬੀਬੀਓ, ਮੈਂ ਸਾਰੇ ਪੰਜਾਬ ਦਾ ਸੰਤਾਪ ਅਨੁਭਵ ਕਰਦਾ ਹਾਂ, ਪਰ ਗੁਰ ਮਰਯਾਦਾ ਅਨੁਸਾਰ ਦੁਖ ਸੁਖ ਨੂੰ ਇਕ ਸਮਾਨ ਸਮਝਦਾਂ—

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ।
ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ।

ਰਾਧਾਂ

ਸਾਡੇ ਤਾਂ ਮੋਏ ਵਿਛੜੇ ਉਮਰਾਂ ਦਾ ਸਲ ਲਾ ਗਏ। ਦੱਸੋ ਮੈਂ ਹੁਣ ਕੀ ਕਰਾਂ।

ਗੁੰਥੀ

ਪਰਮਾਤਮਾ ਦਾ ਨਾਮ ਲੈ, ਭਲੇ ਦਿਨ ਆਉਣਗੇ।

ਧੰਨੋ

ਭਾਈ ਜੀ, ਅੱਲੇ ਜ਼ਖਮ ਕਿਥੇ ਮਨ ਨੂੰ ਚੈਨ ਲੈਣ ਦਿੰਦੇ ਐ।

ਗ੍ਰੰਥੀ

ਬੀਬੀਓ, ਗੀਤਾ ਤੇ ਗੁਰਬਾਣੀ ਤੋਂ ਬਿਨਾ ਮਨ ਨੂੰ ਧੀਰਜ ਦੇਣ ਵਾਲਾ ਹੋਰ ਕੋਈ ਸਾਧਨ ਨਹੀਂ। ਗੁਰਦਵਾਰੇ ਆ ਕੇ ਅੱਜ ਭੀੜ ਦੇਖ ਲੈਣੀ। ਨਾਸਤਕਾਂ ਨੇ ਵੀ ਲੰਮੀਆਂ ਦਾਹੜੀਆਂ ਛੱਡੀਆਂ ਹੋਈਆਂ ਨੇ।

ਰਾਧਾਂ

(ਧੰਨੋ ਨੂੰ) ਨੀ, ਉਹ ਸਿਪਾਹੀ ਅੰਦਰ ਨੂੰ ਆ ਰਹੇ ਨੇ।

ਧੰਨੋ

ਇਹ ਸਾਡੇ ਮਨਾਂ ਨੂੰ ਹੋਰ ਉਚੇੜਨਗੇ।

ਗ੍ਰੰਥੀ

ਉਹਨਾਂ ਦੀਆਂ ਗਿੱਦੜ ਭਬਕੀਆਂ ਤੋਂ ਨਾ ਡਰਿਓ।

ਰਾਧਾਂ

ਭਾਈ ਸਾਹਬ, ਜ਼ਰਾ ਰੁਕ ਜਾਓ, ਸਾਨੂੰ ਡਰ ਲਗਦੈ, ਉਹਨਾਂ ਸਾਨੂੰ ਡਰਾਉਣਾ ਧਮਕੌਣੈ।

ਧੰਨੋ

ਅਸੀਂ ਅੱਗੇ ਹੀ ਵਾਲ ਵਾਲ ਦੁਖੀ ਆਂ।

ਗ੍ਰੰਥੀ

ਬੀਬੀਓ, ਅੱਜ ਐਤਵਾਰ ਏ, ਬੜੇ ਕੰਮ ਕਰਨੇ ਨੇ ਜਾ ਕੇ।

ਰਾਧਾਂ

ਝਟ ਪਲ ਰੁਕ ਜਾਂਦੇ ਤਾਂ ਚੰਗਾ ਸੀ।

ਗ੍ਰੰਥੀ

ਆਓ ਸਗੋਂ ਤੁਸੀਂ ਮੇਰੇ ਨਾਲ ਚਲੋ। ਸੁਖਮਨੀ ਸਾਹਿਬ ਦਾ ਪਾਠ ਸੁਣੋ, ਤੁਹਾਡੇ ਮਨ ਸ਼ਾਂਤ ਹੋਣ।

ਪਹਿਲਾ ਸਿਪਾਹੀ

(ਕੜਕ ਕੇ) ਓ ਭਾਈ, ਕਿੱਧਰ ਨੂੰ ਮੂੰਹ ਚੁੱਕ ਕੇ ਤੁਰ ਪਿਐਂ।

ਦੂਜਾ

ਥਾਂ ਖੜਾ ਹੋ ਜਾ।

ਗ੍ਰੰਥੀ

ਮੂੰਹ ਸੰਭਾਲ ਕੇ ਗਲ ਕਰੋ। ਮੈਂ ਵੀ ਫ਼ੌਜ 'ਚ ਗ੍ਰੰਥੀ ਰਹਿ ਚੁੱਕਾਂ। ਜੋ ਪੁਛ ਗਿਛ ਕਰਨੀ ਏ, ਗੁਰਦਵਾਰੇ ਆ ਕੇ ਕਰੋ। ਮੈਂ ਇਕ ਮਿੰਟ ਨਹੀਂ ਰੁਕ ਸਕਦਾ।

[ਛੇਤੀ ਛੇਤੀ ਚਲਾ ਜਾਂਦਾ ਹੈ।]



ਦੂਜਾ

ਬੜਾ ਕੱਬਾ ਭਾਈ ਐ।

ਪਹਿਲਾ

ਕੋਈ ਗੱਲ ਨਹੀਂ, ਕਰਦੇ ਆਂ ਇਹਦੀ ਆਕੜ ਢਿੱਲੀ।

ਦੂਜਾ

ਕੇਸ ਬਣਾਓ, ਗੁਰਦਵਾਰੇ ਵਿਚ ਖਾੜਕੂ ਸਿੰਘਾਂ ਨੂੰ ਪਨਾਹ ਦਿੰਦੈ।

ਪਹਿਲਾ

ਊਂ ਹੂੰ! ਇਹ ਗਲ ਨਹੀਂ ਸਿਰੇ ਚੜ੍ਹਨੀ। ਗੁਰਦਵਾਰੇ ਵਿਚ ਤਾਂ ਹਰ ਕੋਈ ਠਹਿਰ ਸਕਦੈ।

ਦੂਜਾ

ਫੇਰ ਹੋਰ ਕੀ ਹੋ ਸਕਦੈ?

ਪਹਿਲਾ

(ਮੁਛ ਨੂੰ ਵਟ ਦਿੰਦਾ ਹੋਇਆ) ਰਿਪੋਰਟ! ਪਿਛਲੇ ਐਤਵਾਰ ਇਹਨੇ ਦੇਸ਼ ਵਿਰੁਧ ਭੜਕਾਊ ਭਾਸ਼ਨ ਦਿੱਤਾ ਸੀ।

ਦੂਜਾ

ਵਾਹ! ਮੰਨ ਗਿਆ ਤੇਰੇ ਦਿਮਾਗ ਨੂੰ!

ਪਹਿਲਾ

ਕੌਮੀ ਸੁਰਖਿਆ ਐਕਟ ਅਧੀਨ ਫਸਾ ਦਿੰਦੇ ਆਂ।

ਧੰਨੋ

ਇਹ ਤਾਂ ਸਰਬੱਤ ਦਾ ਭਲਾ ਚਾਹੁਣ ਵਾਲਾ ਭਲਾ ਲੋਕ ਐ। ਸਾਰਾ ਪਿੰਡ ਉਗਾਹੀ ਦੇ ਸਕਦੈ। ਬਸ ਕਥਾ ਕੀਰਤਨ ਕਰਦੈ, ਕਿਸੇ ਪਲਜਗਣ 'ਚ ਨਹੀਂ ਪੈਂਦਾ।

ਦੂਜਾ

ਇਹ ਜ਼ਰੂਰ ਭਾਈ ਦੀ ਰਾਜਦਾਰ ਏ।

ਪਹਿਲਾ

(ਰੋਅਬ ਨਾਲ) ਦੱਸ, ਤੁਹਾਨੂੰ ਕੀ ਪੱਟੀ ਪੜ੍ਹਾ ਰਿਹਾ ਸੀ?

ਰਾਧਾਂ

ਸਗੋਂ ਅਸੀਂ ਰੋਕਿਆ ਸੀ ਉਹਨੂੰ?

ਦੂਜਾ

ਕਿਉਂ? ਤੁਸੀਂ ਭਾਈ ਤੋਂ ਕੜਾਹ ਲੈਣਾ ਸੀ।

ਧੰਨੋ

ਬੰਦੀ ਵਾਲੇ ਤਾਰੇ ਬਾਰੇ ਗੱਲ ਪੁਛਣੀ ਸੀ।

ਪਹਿਲਾ

ਤੇਰੇ ਮੁੰਡੇ ਦਾ ਨਾਮ ਤਾਰਾ ਹੈ ?

ਧੰਨੋ

ਨਹੀਂ, ਸੰਤੋਖ ਸਿੰਘ।

ਦੂਜਾ

ਕਿੱਥੇ ਐ ਤੇਰਾ ਮੁੰਡਾ ਇਸ ਵਕਤ ?

ਧੰਨੋ

ਪਰਸੋਂ ਦਾ ਸ਼ਹਿਰ ਗਿਆ ਮੁੜਿਆ ਨਹੀਂ।

ਪਹਿਲਾ

ਮਾਈ, ਤੇਰੇ ਮੁੰਡੇ ਦਾ ਕਿਆ ਨਾਮ ਹੈ ?

ਰਾਧਾਂ

ਮੇਰਾ ਤਾਂ ਇਕੋ ਇਕ ਬਚਿਐ, ਐਨੇ ਟੱਬਰ ਚੋਂ।

ਪਹਿਲਾ

(ਰੁਖੀ ਤਰ੍ਹਾਂ) ਮੈਂ ਉਹਦਾ ਨਾਮ ਪੁਛਿਐ।

ਰਾਧਾਂ

ਚਰਨ ਦਾਸ ! ਚਰਨਾ ਸਦਦੇ ਨੇ ਸਾਰੇ।

ਪਹਿਲਾ

ਕਿੱਥੇ ਹੈ ਉਹ ਇਸ ਵਕਤ ?

ਦੂਜਾ

ਬੁੱਢੀਏ, ਬਾਹਰ ਕੱਢ ਉਸਨੂੰ।

ਰਾਧਾਂ

ਜੀ, ਉਹ ਵੀ ਕਲ੍ਹ ਦਾ ਸੰਤੋਖ ਨਾਲ ਸ਼ਹਿਰ ਗਿਆ ਹੋਇਐ।

ਦੂਜਾ

ਹੈਂ ! ਸ਼ਹਿਰ !

ਪਹਿਲਾ

ਓਇ ਰਾਜਨ !

ਦੂਜਾ

ਦੱਸੋ ਹੌਲਦਾਰ ਜੀ।

ਪਹਿਲਾ

ਕਲ੍ਹ ਸ਼ਹਿਰ ਲਾਗੇ ਜੇਹੜਾ ਕਤਲ ਕੇਸ ਹੋਇਐ ਜ਼ਰੂਰ ਦੋਹਾਂ ਮੁੰਡਿਆਂ ਦਾ ਉਹਦੇ 'ਚ ਹੱਥ ਹੋਵੇਗਾ।



ਧੰਨੋ

ਵੇ ਭਾਈ, ਮੇਰਾ ਮੁੰਡਾ ਤਾਂ ਅਜੇ ਪੜ੍ਹਦੈ।

ਰਾਧਾਂ

ਮੇਰਾ ਮੁੰਡਾ ਜੇਹੇ ਕੰਮ ਨਹੀਂ ਕਰਦਾ, ਬਹੁਤ ਸ਼ਰੀਫ਼ ਏ।

ਪਹਿਲਾ

ਮਾਈ, ਅੱਜ ਕੋਈ ਵੀ ਆਪਣੇ ਮੁੰਡੇ ਦੀ ਸਹੁੰ ਨਹੀਂ ਖਾ ਸਕਦਾ।

ਦੂਜਾ

ਅੱਜ ਤਾਂ ਮੁੰਡੇ ਜੰਮਦੇ ਈ ਬਾਗ਼ੀ ਨੇ।

ਪਹਿਲਾ

(ਦੂਜੇ ਨੂੰ ਅੱਖ ਮਾਰ ਕੇ) ਉਹ ਜਿਹੜੇ ਦੋ ਮੁੰਡੇ ਥਾਣੇ 'ਚ ਡੱਕੇ ਹੋਏ ਨੇ, ਕਿਤੇ ਉਹ ਇਨ੍ਹਾਂ ਦੇ ਪੁੱਤਰ ਨਾ ਹੋਣ।

ਧੰਨੋ

ਹੈਂ ! ਵੇ ਕਿਤੇ ਸਾਡੇ ਲਾਲ ਤਾਂ ਨਹੀਂ ?

ਰਾਧਾਂ

ਕਿਸ ਉਮਰ ਦੇ ਨੇ ?

ਪਹਿਲਾ

ਸਗੋਂ ਤੁਸੀਂ ਆਪਣੇ ਮੁੰਡਿਆਂ ਦੇ ਹੁਲੀਏ ਦੱਸੋ।

ਧੰਨੋ

ਮੇਰੇ ਮੁੰਡੇ ਦੀ ਦਾੜ੍ਹੀ ਖੁੱਲ੍ਹੀ ਐ, ਸਿਰ ਕੇਸਰੀ ਪਗੜੀ ਐ।

ਪਹਿਲਾ

ਮਾਈ, ਅੱਜ ਕਲ੍ਹ ਸਭ ਨੌਜਵਾਨਾਂ ਦਾ ਇਹੋ ਹੁਲੀਐ।

ਦੂਜਾ

ਗਲ ਦਸ ਕੀ ਪਾਇਆ ਹੋਇਐ ?

ਧੰਨੋ

ਭਗਵਾਂ ਜਿਹਾ ਕੁੜਤਾ ਤੇ ਪਜਾਮਾ।

ਪਹਿਲਾ

ਹੈਂ !

[ਕੁਝ ਸੋਚਣ ਲਗ ਜਾਂਦਾ ਹੈ।]

ਦੂਜਾ

ਮਾਈ, ਤੇਰੇ ਮੁੰਡੇ ਦਾ ਹੁਲੀਆ ?

ਰਾਧਾਂ

ਮੇਰਾ ਮੁੰਡਾ ਮੋਨਾ ਏ। ਗਲ ਹਲਕੀ ਨੀਲੀ ਬੁਸ਼ਰਟ ਏ, ਤੇੜ ਮਿੱਟੀ ਰੰਗੀ ਪੈਂਟ।

ਪਹਿਲਾ

ਸਚਮੁਚ ! ਮੱਥੇ ਚਟਾਕ ਵੀ ਹੈ !

ਰਾਧਾਂ

(ਡਰ ਨਾਲ ਕੰਬ ਕੇ) ਹਾਂ, ਡਿਗ ਪਿਆ ਸੀ । ਪਲ ਭਰ ਦੋਵੇਂ ਸਿਪਾਹੀ ਚੁਪ ਚਾਪ ਇਕ ਦੂਜੇ ਵਲ ਦੇਖਦੇ ਹਨ । ਦੋਵੇਂ ਔਰਤਾਂ ਅੰਦਰਲੇ ਡਰ ਨਾਲ ਕੰਬ ਜਾਂਦੀਆਂ ਹਨ ।

ਧੰਨੋ

ਵੇ ਭਾਈ ਛੇਤੀ ਦਸੋ, ਉਹਨਾਂ ਨਾਲ ਕੀ ਬੀਤੀ ?

ਰਾਧਾਂ

ਰਾਜ਼ੀ ਬਾਜ਼ੀ ਤਾਂ ਹੈਨ ਸਾਡੇ ਲਾਲ ?

ਧੰਨੋ

ਸੱਚ ਸੱਚ ਦੱਸੋ ।

ਪਹਿਲਾ

ਕੀ ਦੱਸੀਏ ਮਾਈ !

ਧੰਨੋ

ਸਾਨੂੰ ਹੋਰ ਨਾ ਕਲਪਾਓ, ਛੇਤੀ ਦੱਸੋ ।

ਰਾਧਾਂ

ਅਸੀਂ ਤਾਂ ਅਗੇ ਹੀ ਮਰੀਆਂ ਮੁਕੀਆਂ ਪਈਆਂ ।

ਪਹਿਲਾ

ਥੋੜੀ ਦੇਰ ਹੋਈ ਨਹਿਰ ਦੇ ਪੁਲ ਤੇ ਮੁਠ ਭੇੜ 'ਚ ਦੋਵੇਂ...

ਦੋਵੇਂ

ਹੈਂ ! ਕੀ ਹੋਇਐ ?

ਪਹਿਲਾ

ਪੁਲੀਸ ਨਾਲ ਝੜਪ 'ਚ ਦੋਵੇਂ ਮਾਰੇ ਗਏ ।

ਰਾਧਾਂ

ਹਾਏ ਰਾਮ !

ਧੰਨੋ

(ਕੁਰਲਾਂਦੀ ਹੋਈ) ਇਹ ਨੀ ਹੋ ਸਕਦਾ ! ਉਹ ਇਹ ਕੰਮ ਨੀ ਕਰ ਸਕਦੇ । ਉਹ ਨਾਦਾਨ ਨੇ, ਅਣਜਾਣ ਨੇ ।

ਪਹਿਲਾ

ਮਾਈ, ਭੋਲੇ ਭਾਲੇ ਨਾਦਾਨ ਹੀ ਮਾਰੇ ਜਾਂਦੇ ਨੇ । ਕਾਰਾ ਕਰਨ ਵਾਲੇ ਤਾਂ ਬਚ ਨਿਕਲਦੇ ਨੇ ।



[ਰਾਧਾਂ ਬੇਹੋਸ਼ੀ ਦੀ ਹਾਲਤ ਵਿਚ ਥਾਂ ਢੇਰੀ ਹੋ ਜਾਂਦੀ ਹੈ ।]

ਧੰਨੋ

ਤੁਹਾਨੂੰ ਪੱਕਾ ਪਤੈ, ਉਹੋ ਨੇ ?

ਪਹਿਲਾ

ਤੁਹਾਡੇ ਦਸੇ ਹੁਲੀਏ ਤੋਂ ਸਾਫ਼ ਜ਼ਾਹਰ ਹੈ ।

ਧੰਨੋ

ਉਹਨਾਂ ਕੋਈ ਬਿਆਨ ਦਿਤੇ ?

ਪਹਿਲਾ

ਹਾਂ ।

ਧੰਨੋ

ਕੀ ਕਿਹੈ ?

ਪਹਿਲਾ

ਤੇਰੇ ਪੁੱਤਰ ਨੇ ਦਮ ਤੋੜਨ ਤੋਂ ਪਹਿਲਾਂ ਬਿਆਨ ਦਿਤੇ ।

ਧੰਨੋ

ਛੇਤੀ ਦਸ, ਕੀ ?

ਪਹਿਲਾ

ਇਹੋ ! ਸਰਪੰਚ ਨੇ ਮੁਖ਼ਬਰੀ ਕਰ ਕੇ ਚਰਨੇ ਦੇ ਸਾਰੇ ਟੱਬਰ ਨੂੰ ਮਰਵਾਇਆ । ਅਸੀਂ ਖਾੜਕੂਆਂ ਨਾਲ ਰਲ ਕੇ ਬਦਲਾ ਲੈ ਲਿਐ ।

ਧੰਨੋ

(ਸਿਰ ਦੋਹੱਥੜ ਮਾਰ ਕੇ) ਵੇ ਮੂਰਖੋ, ਇਹ ਤੁਸੀਂ ਕੀ ਕੀਤਾ ! ਹੁਣ ਉਹਨਾਂ ਦੇ ਰਿਸ਼ਤੇਦਾਰਾਂ ਨੇ ਸਾਨੂੰ ਮਾਰ ਮੁਕਾਣੈ । ਕਿੱਦਾਂ ਬੁਝੇਗੀ, ਇਹ ਬਦਲੇ ਦੀ ਅੱਗ । ਕੀ ਬਣੇਗਾ ਇਸ ਬਦਕਿਸਮਤ ਪੰਜਾਬ ਦਾ !

[ਬੈਠ ਕੇ ਵੈਣ ਪਾਣ ਲਗ ਜਾਂਦੀ ਹੈ ।]

ਪਹਿਲਾ

ਮਾਈ, ਅਸੀਂ ਵੀ ਬਾਲ ਬੱਚਿਆਂ ਵਾਲੇ ਹਾਂ । ਤੁਹਾਡੇ ਵਾਂਗ ਬੇਵਸ ਤੇ ਦਹਿਸ਼ਤ ਦਾ ਸ਼ਿਕਾਰ । ਸਾਡੀ ਜਾਨ ਨੂੰ ਵੀ ਹਰ ਵਕਤ ਖਤਰਾ ਰਹਿੰਦਾ ਹੈ । ਤੁਹਾਡੀ ਹਾਲਤ ਦੇਖ ਕੇ ਸਾਡੇ ਦਿਲ ਵੀ ਪੰਘਰ ਗਏ ਨੇ । ਆਓ ਤੁਹਾਨੂੰ ਸਹਾਰਾ ਦੇ ਕੇ ਲੈ ਚੱਲੀਏ, ਬਦਕਿਸਮਤ ਨੌਜਵਾਨਾਂ ਦੀਆਂ ਲਾਸ਼ਾਂ ਕੋਲ ।

ਧੰਨੋ

(ਦਿਲ ਕਰੜਾ ਕਰ ਕੇ ਰਾਧਾਂ ਨੂੰ ਹਲੂਣਦੀ ਹੋਈ) ਰਾਧਾਂ ਭੈਣ, ਉਠ, ਸੁਰਤ ਸੰਭਾਲ ! ਤੇਰਾ ਲਾਲ ਸਿਰੜ ਪੁਗਾ ਗਿਐ ! ਆਪਣੇ ਮਿੱਤਰ ਨਾਲ ਮਿਲ ਕੇ ਪਿੰਡ ਦੀ ਮਿੱਟੀ

'ਚ ਰਲ ਗਿਐ। ਭੈਣੇ, ਉਹ ਤਾਂ ਮਨ ਭੌਂਦੀਆਂ ਕਰ ਗਏ, ਦੋਸਤੀਆਂ ਪੁਗਾ ਗਏ, ਮੌਤ ਨੂੰ ਜੱਫੀਆਂ ਪਾ ਕੇ ਤੁਰ ਗਏ, ਪਰ ਸਾਡੀਆਂ ਜੋਤਾਂ ਸਦਾ ਸਦਾ ਲਈ ਬੁਝਾ ਗਏ, ਆਂਦਰਾਂ ਕੱਢ ਕੇ ਲੈ ਗਏ, ਕਿਸਮਤ ਸੜੀਆਂ ਮਾਵਾਂ ਦੀਆਂ। (ਵਕਫਾ—ਡੂੰਘਾ ਹਉਕਾ ਲੈ ਕੇ) ਅੱਜ ਸਾਡੀਆਂ ਸਭ ਉਡੀਕਾਂ ਮੁਕ ਗਈਆਂ ਨੇ। (ਉਠਾਲਦੀ ਹੋਈ) ਉਠ, ਮੋਏ ਪੁੱਤਾਂ ਨਾਲ ਹੁਣ ਕਾਹਦਾ ਰੋਸਾ !!

(ਧੰਨੋ ਰਾਧਾਂ ਨੂੰ ਸਹਾਰਾ ਦੇ ਕੇ ਉਠਾਲਦੀ ਹੈ। ਦੋਵੇਂ ਲੜਖੜਾਂਦੀਆਂ ਤੁਰ ਪੈਂਦੀਆਂ ਹਨ।]

ਪਿਛੋਕੜ ਤੋਂ ਗ਼ਮਗੀਨ ਸੁਰ—

ਸਭ ਉਡੀਕਾਂ ਮੁਕ ਗਈਆਂ ਨੇ
ਆਸਾਂ ਦੇ ਖੰਭ ਸੜ ਗਏ।
ਮਮਤਾ ਦੀ ਕੁਖ ਸਖਣੀ ਹੋ ਗਈ
ਬਿਨ ਸਾਹੋਂ ਕੌਣ ਅਲਾਏ।
ਉਹ ਮਾਂਵਾਂ ਨੇ ਕਿਸਮਤ ਸੜੀਆਂ
ਮੋਏ ਪੁੱਤਾਂ ਦੀਆਂ ਲਾਸ਼ਾਂ ਉੱਤੇ
ਹੰਝੂ ਕੇਰਨ ਜਾਵਣ।

✿